Postal No. - G/CHD/0196/2021-2023

Regd No. 32212/78

# ਲੁਬਾਣਾ ਸੇਵਕ

ਅਗਸਤ 2022 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਆਜ਼ਾਦੀ ਦਿਹਾੜੇ ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ !




ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਆਜ਼ਾਦੀ ਦੇ 75 ਵਰ੍ਹੇ



15 ਅਗਸਤ 1947 ਨੂੰ ਦੇਸ਼ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਵਿਦੇਸ਼ੀ ਹਕੂਮਤ ਪਾਸੋਂ ਪੂਰਨ ਤੌਰ ’ਤੇ ਆਜ਼ਾਦ ਹੋਇਆ। ਇਸ ਅਜ਼ਾਦੀ ਨੂੰ ਪ੍ਰਾਪਤ ਕਰਨ ਲਈ ਬਹੁਤ ਹੀ ਕੁਰਬਾਨੀਆਂ ਦਾ ਪਿਛੋਕੜ ਰਿਹਾ ਹੈ। ਦੇਸ਼ ਭਗਤਾਂ ਨੇ ਆਜ਼ਾਦੀ ਦੇ ਸੰਘਰਸ਼ ਨੂੰ ਹਰ ਤਰੀਕੇ ਨਾਲ ਅੱਗੇ ਲਿਜਾਉਣ ਦੀ ਪੂਰੀ ਘਾਲਣਾ ਕੀਤੀ ਚਾਹੇ ਉਹ ਸ਼ਾਂਤਮਈ ਤਰੀਕੇ ਨਾਲ ਸੀ ਜਾਂ ਹਥਿਆਰਬੰਦ ਤਰੀਕੇ ਨਾਲ। ਪ੍ਰੰਤੂ ਮਕਸਦ ਸਾਰਿਆਂ ਦਾ ਇਕੋ ਸੀ ਕਿ ਵਿਦੇਸ਼ੀਆਂ ਕੋਲੋਂ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਕੇ ਇਕ ਸਵਰਾਜ ਦਾ ਸੁਪਨਾ ਜੋ ਵੇਖਿਆ ਸੀ ਉਹ ਕਾਇਮ ਕਰਨਾ। ਇਸ ਸੁਪਨੇ ਵਿਚ ਆਜ਼ਾਦੀ ਤੋਂ ਬਾਅਦ ਸਾਰਿਆਂ ਨੂੰ ਇਕ ਸੁਤੰਤਰ ਤੌਰ ’ਤੇ ਜ਼ਿੰਦਗੀ ਰਹਿਣ ਤੇ ਜਿਉਣ ਦੇ ਪੂਰੇ ਹੱਕ ਸ਼ਾਮਲ ਕੀਤੇ ਜਾਣ ਦੀ ਮੁੱਢਲੀ ਸੋਚ ਸੀ।

ਦੇਸ਼ ਆਜ਼ਾਦ ਹੋਣ ਤੱਕ 121 ਸ਼ਹੀਦਾਂ ਨੇ ਫਾਂਸੀ ਦੇ ਰੱਸੇ ਚੁੰਮੇ ਜਿਨ੍ਹਾਂ ਵਿਚੋਂ 93 ਸਿੱਖ ਸਨ। ਉਮਰ ਕੈਦ ਕੱਟਣ ਵਾਲੇ 2646 ਘੁਲਾਟੀਆਂ ਵਿਚੋਂ 2147 ਸਿੱਖ ਸਨ। ਜ਼ਲਿਆਂ ਵਾਲੇ ਬਾਗ ਵਿਚ 1300 ਸ਼ਹੀਦਾਂ ਵਿਚੋਂ 799 ਸਿੱਖ ਸਨ। ਬਜਬਜਘਾਟ ਦੇ ਸਾਕੇ ਵਿਚ ਸ਼ਹੀਦ ਹੋਣ ਵਾਲੇ 113 ਵਿਚੋਂ 67 ਸਿੱਖ ਸਨ। ਕੂਕਾ ਲਹਿਰ ਵਿਚ 91 ਸਿੱਖ ਸਨ ਅਤੇ ਅਕਾਲੀ ਲਹਿਰ ਵਿਚ ਵੀ 500 ਸਿੱਖ ਸ਼ਹੀਦ ਹੋਏ ਸਨ। ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਮੋਲਾਨਾ ਆਜ਼ਾਦ ਨੇ ਵੀ ਕੀਤੀ ਸੀ। ਜੇਕਰ ਭਾਰਤ ਦੀ ਆਜ਼ਾਦੀ ਵਿਚ ਸਮੂਹ ਪੰਜਾਬੀਆਂ ਦੀ ਦੇਣ ਦਾ ਹਿਸਾਬ ਲਾਇਆ ਜਾਵੇ ਤਾਂ 90 ਫੀਸਦੀ ਦੇ ਲਗਭਗ ਬਣਦਾ ਹੈ।

ਆਜ਼ਾਦੀ ਦੇ 75 ਵਰ੍ਹੇ ਪੂਰੇ ਹੋਣ ਪਿੱਛੋਂ ਵੀ ਦੇਸ਼ ਆਪਣੇ ਹੁਕਮਰਾਨਾਂ ਵੱਲੋਂ ਚੰਗੀ ਕਾਰਗੁਜ਼ਾਰੀ ਨਾ ਹੋਣ ਕਰਕੇ ਸਹੀ ਦਿਸ਼ਾ ਵੱਲ ਨਹੀਂ ਜਾ ਰਿਹਾ ਹੈ ਅਤੇ ਆਮ ਵਰਗ ਦਿਨ-ਬ-ਦਿਨ ਲਤਾੜਿਆ ਜਾ ਰਿਹਾ ਹੈ। ਆਜ਼ਾਦੀ ਦੇ ਵਿਚ ਇਹ ਜ਼ਰੂਰੀ ਸੀ ਕਿ ਆਮ ਬੰਦੇ ਨੂੰ ਜ਼ਿੰਦਗੀ ਜਿਉਣ ਦੇ ਪੂਰੇ ਸਾਧਨ ਮੁਹੱਈਆ ਕਰਵਾਏ ਜਾਣ। ਗਰੀਬੀ ਰੇਖਾ ਨੂੰ ਖਤਮ ਕੀਤਾ ਜਾਵੇ। ਲੋਕ ਆਪਣੀ ਯੋਗਤਾ ਅਤੇ ਕਾਬਲੀਅਤ ਕਰਕੇ ਚੰਗੇ ਕਮਾਈ ਵਾਲੇ ਸਾਧਨਾਂ ਵਿਚ ਰੁੱਝੇ ਰਹਿਣ ਅਤੇ ਹੁਣ ਹਾਲਾਤ ਇਹ ਹਨ ਕਿ ਅਮੀਰ ਅਤੇ ਗਰੀਬ ਦੇ ਵਿਚ ਬਹੁਤ ਪਾੜਾ ਵੱਧ ਗਿਆ ਹੈ ਤੇ ਬੇਰੁਜ਼ਗਾਰੀ ਅਤੇ ਵਿਹਲਾਪਣ ਹੋ ਗਿਆ ਹੈ ਜੋ ਕਿ ਸਮਾਜ ਅਤੇ ਦੇਸ਼ ਦੀ ਤਰੱਕੀ ਲਈ ਕਿਸੇ ਸਮੇਂ ਵੀ ਘਾਤਕ ਹੋ ਸਕਦਾ ਹੈ।

ਦੇਸ਼ ਵਿਚ ਸਮੁੱਚਾ ਪ੍ਰਸ਼ਾਸਨ ਢਾਂਚਾ ਜ਼ਿਆਦਾਤਰ ਸਿਆਸਤਦਾਨਾਂ ਦੀ ਬਲੀ ਚੜ੍ਹਿਆ ਹੋਇਆ ਹੈ ਅਤੇ ਪ੍ਰਸ਼ਾਸਨ ਅਤੇ ਪੁਲਿਸ ਕੋਲੋਂ ਆਮ ਤੌਰ ਤੇ ਆਮ ਵਰਗ ਨੂੰ ਨਿਆਂ ਦੀ ਬਹੁਤ ਘੱਟ ਆਸ ਰਹਿੰਦੀ ਹੈ ਅਤੇ ਜ਼ਿਆਦਾਤਰ ਖੱਜਲ ਖੁਆਰੀਆਂ ਹੀ ਹੁੰਦੀਆਂ ਹਨ। ਪੰਚਾਇਤ ਸਿਸਟਮ ਜੋ ਕਿ ਇਕ ਬੁਨਿਆਦੀ ਤੌਰ ਤੇ ਵਧੀਆ ਮੁੱਢਲੀ ਸੰਸਥਾ ਹੈ ਉਹ ਪੁਰਾਣੇ ਜ਼ਮਾਨੇ ਵਿਚ ਅਤੇ ਹੁਣ ਕਿਤੇ ਕਤਾਈ ਵਧੀਆ ਫੈਸਲੇ ਹੋਣ ਕਰਕੇ ਆਪਣੀ ਕਾਰਜੁਗਾਰੀ ਵਿਖਾਉਂਦੀ ਹੈ। ਜ਼ਿਆਦਾਤਰ ਪੰਚਾਇਤਾਂ ਵੀ ਹੁਣ ਸਿਆਸਤ ਦੀ ਭੇਂਟ ਚੜ੍ਹੀ ਜਾ ਰਹੀਆਂ ਹਨ। ਇਸ ਸਭ ਕੁਝ ਤੋਂ ਤੰਗ ਆ ਕੇ ਆਮ ਜਨ ਸਾਧਾਰਨ ਲੋਕਾਂ ਕੋਲ ਅਦਾਲਤ ਤੋਂ ਬਗੈਰ ਹੋਰ ਕੋਈ ਰਾਸਤਾ ਨਹੀਂ ਬਚ ਜਾਂਦਾ ਅਤੇ ਕੋਸ਼ਿਸ਼ ਕਰਦਾ ਹੈ ਕਿ ਅਦਾਲਤ ਦਾ ਦਰਵਾਜ਼ਾ ਖਟਖਟਾਇਆ ਜਾਵੇ। ਸਾਡਾ ਅਦਾਲਤੀ ਢਾਂਚਾ ਵੀ ਪੁਰਾਣੀ ਅੰਗਰੇਜ਼ਾਂ ਦੀ ਤਰਜ ਤੇ ਹੀ ਬਣਿਆ ਹੋਇਆ ਹੈ। ਜਿਸ ਵਿਚ ਇਨਸਾਫ ਹੋਣ ਨੂੰ ਐਨੀ ਕੁ ਦੇਰ ਲੱਗਦੀ ਹੈ ਕਿ ਆਮ ਆਦਮੀ ਨੂੰ ਬਹੁਤ ਦੁੱਖ ਝੇਲਣੇ ਪੈਂਦੇ ਹਨ ਅਤੇ ਕੇਸ ਵਿਚੇ ਹੀ ਰੁੱਲ ਜਾਂਦੇ ਹਨ। ਇਹ ਸਭ ਕੁਝ ਆਰਥਿਕ ਸੰਕਟ ਵਜੋਂ ਉਭਰ ਕੇ ਸਮਾਜ ਦੇ ਵਿਚ ਹੋਰ ਔਕੜਾਂ ਪੇਸ਼ ਕਰਦਾ ਹੈ ਅਤੇ ਦੇਸ਼ ਭਗਤਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਪੂਰੇ ਤਰੀਕੇ ਨਾਲ ਨਜ਼ਰਅੰਦਾਜ ਕਰਦਾ ਹੈ। ਆਰਥਿਕ ਤੰਗੀ ਕਰਕੇ ਨਸ਼ਾਖੋਰੀ, ਤਸਕਰੀ ਅਤੇ ਚੋਰੀਆਂ ਠੱਗੀਆਂ ਹੁੰਦੀਆਂ ਹਨ। ਇਹ ਸਭ ਆਰਥਿਕ ਤੰਗੀ ਅਤੇ ਸੋੜੀ ਸੋਚ ਕਰਕੇ ਹੁੰਦੇ ਹਨ। ਇਸ ਕਰਕੇ ਸਾਰੇ ਸਮਾਜ ਨੂੰ ਚਾਹੀਦਾ ਹੈ ਕਿ ਆਪਣਾ ਯੋਗਦਾਨ ਪਾ ਕੇ ਇਨ੍ਹਾਂ ਸੇਵਾਵਾਂ ਪ੍ਰਤੀ ਵਚਨਬਧ ਹੋ ਕੇ ਸੁਧਾਰ ਲਿਆਈਏ।

ਹੁਣ ਦੇ ਅਜੋਕੇ ਸਮੇਂ ਵਿਚ ਇਹ ਲੋੜ ਹੈ ਕਿ ਸਾਰੇ ਸਿਸਟਮ ਨੂੰ ਸੁਧਾਰਿਆ ਜਾਵੇ ਅਤੇ ਚੰਗੇ ਬੰਦੇ ਇਸ ਕੰਮ ਲਈ ਆਪਣੀ ਚੰਗੀ ਸੋਚ ਨਾਲ ਅੱਗੇ ਆਉਣ ਅਤੇ ਬਿਨਾਂ ਕਿਸੇ ਵਿਤਕਰੇ ਨਾਲ ਦੇਸ਼ ਸਮਾਜ ਦੀ ਸੇਵਾ ਵਿਚ ਯੋਗਦਾਨ ਪਾਉਣ ਤਾਂ ਹੀ ਆਮ ਜਨਤਾ ਦਾ ਭਲਾ ਹੋ ਸਕਦਾ ਹੈ ਅਤੇ ਸ਼ਹੀਦਾਂ ਦੁਆਰਾ ਕੀਤੀਆਂ ਕੁਰਬਾਨੀਆਂ ਕਾਰਨ ਸਾਨੂੰ ਮਿਲੀ ਆਜ਼ਾਦੀ ਦਾ ਸਹੀ ਮੁੱਲ ਮਿਲੇਗਾ ਨਹੀ ਤਾਂ ਇਸ ਦੇਸ਼ ਦਾ ਰੱਬ ਹੀ ਰਾਖਾ ਹੈ।

**ਹਰਭਜਨ ਸਿੰਘ**

**ਪ੍ਰਧਾਨ- ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

**Chief Editor**
**Er. Harbhajan Singh**
**Dy. C.E. (Retd.) President**
**M.: 98140-62091**

**Addl. Chief Editor**
**Er. Parminderjit Singh**
**M.: 99153-57524**

**Editor**
**Er. Bhagwan Singh Lubana**
**Dy C.E. (Retd.)**
**E-mail:bslubana187@gmail.com**
**M.: 98155-40240**

**Co-Editor**
**S. Surinder Singh Ruby ETO (Retd.)**
**M.: 98141-28181**

## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289

## ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
**e-mail:lobanafoundation@gmail.com**
**Websitelink : bmslchd.org, lobanafoundation.org**

**FOR ONLINE DEPOSITS OF FUNDS BANK ACCOUNT DETAIL IS AS UNDER:-**
**Bank Name :- State Bank of India**
**A/c No.-10304629441, IFSC Code:- SBIN0001443**
**Note - On depositing kindly intimate your name and address to the Foundation.**
**Contact no.-0172-2657340 &**
**President - 98140-62091**

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਅਗਸਤ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - (੨੮ ਸਾਵਣ) 12-08-2022 (ਸ਼ੁੱਕਰਵਾਰ)**
**ਸੰਗਰਾਂਦ - (੧ ਭਾਦੋਂ) 17-08-2022 (ਬੁੱਧਵਾਰ)**
**ਮੱਸਿਆ - (੧੧ ਭਾਦੋਂ) 27-08-2022 (ਸ਼ਨੀਵਾਰ)**

**ਬਾਨੀ ਸੰਪਾਦਕ**
**ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ**

## ਤਤਕਰਾ

ਜਿਲਦ ਨੰ. 41 | ਅੰਕ - 110 | ਅਗਸਤ - 2022

1. ਭਾਰਤ ਦੀ ਆਜ਼ਾਦੀ ਵਿਚ ਪੰਜਾਬ ਦਾ ਯੋਗਦਾਨ 4
2. ਵਿਸ਼ਵਾਸ ਦਾ ਸਿਖ਼ਰ – ਬਾਬਾ ਮੱਖਣ ਸ਼ਾਹ ਲੁਬਾਣਾ 6
3. ਗੁਰ ਸਾਗਰ ਦੇ ਸੁੱਚੇ ਮੋਤੀ 8
4. ਜੁਲਾਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 9
5. ਸਿੱਖਿਆ ਸੁਧਾਰ ਅਤੇ ਵਜ਼ੀਫਾ ਨੀਤੀ ਸੰਬੰਧੀ ਸੁਝਾਅ 11
6. ਪ੍ਰਿੰਸੀਪਲ ਗੌਰਮਿੰਟ ਕਾਲਜ ਨਾਭਾ ਅਤੇ ਕਾਲਾ ਅਫਗਾਨਾ ਅਤੇ ਗੌਰਮਿੰਟ ਕਾਲਜ ਕਪੂਰਥਲਾ ਵਿਖੇ ਦੂਜੀ ਟਰਮ 19
7. ਭੈਣਾਂ ਵਰਗਾ ਸਾਕ ਨਾ ਕੋਈ 20
8. ਆਓ ਜਾਣੀਏ! 21
9. ਚਰਖਾ 23
10. ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ 27
11. ਲੁਬਾਣਾ ਸੇਵਕ ਮੈਗਜ਼ੀਨ ਦੇ ਸੁਹਿਰਦ ਪਾਠਕਾਂ ਨੂੰ ਅਪੀਲ 28
12. ਬਚੋ ਜਾਂ ਮਰੋ 29
13. ਸਿਹਤ ਸੰਭਾਲ 33
14. ਨਿਊਜ਼ੀਲੈਂਡ 'ਚ ਪੰਜਾਬੀ ਡਿਵੈਲਪਰਾਂ ਤੇ ਬੋਰਡ ਮੈਂਬਰ ਡਾ. ਅਸ਼ਰਫ਼ ਚੌਧਰੀ ਨੇ ਗਲੀ ਦਾ ਨਾਂਅ ਰੱਖਵਾ ਦਿੱਤਾ 'ਵਾਹਿਗੁਰੂ ਲੇਨ' 34
15. ਜੇਠੂ ਦਾ ਕੋਠਾ 35
16. ਸ਼ਬਦਾਂ ਦੇ ਸੰਜੋਗ 36
17. ਕਾਵਿ–ਕਿਆਰੀ 37
18. Matrimonial 39
19. ਦਾਨੀ ਸੱਜਣਾਂ ਦੀ ਸੂਚੀ 40

**'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।**

**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਭਾਰਤ ਦੀ ਆਜ਼ਾਦੀ ਵਿਚ ਪੰਜਾਬ ਦਾ ਯੋਗਦਾਨ

5 ਜੁਲਾਈ 1856 ਨੂੰ ਭਾਰਤ ਦੀ ਜੰਗ-ਏ-ਆਜ਼ਾਦੀ ਦਾ ਪਹਿਲਾ ਸ਼ਹੀਦ, ਪੰਜਾਬ ਦਾ ਮਹਾਨ ਸਪੂਤ ਭਾਈ ਮਹਾਰਾਜ ਸਿੰਘ ਨਾਰੰਗਵਾਲ ਸੀ। ਭਾਰਤ ਨੂੰ ਆਜ਼ਾਦ ਹੋਇਆਂ 75 ਸਾਲ ਹੋ ਚੁੱਕੇ ਹਨ। ਆਜ਼ਾਦੀ ਪ੍ਰਾਪਤੀ ਲਈ ਲੰਮਾਂ ਸਮਾ ਸੰਘਰਸ਼ ਕਰਨਾ ਪਿਆ ਸੀ। ਪੂਰੇ ਭਾਰਤ ਦੇ ਲੋਕ ਕਿਸੇ ਨਾ ਕਿਸੇ ਤਰੀਕੇ ਅੰਗਰੇਜ਼ੀ ਸਰਕਾਰ ਦੀ ਗੁਲਾਮੀ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ। ਜਿਸ ਲਈ ਕਈਆਂ ਨੇ ਸ਼ਾਂਤਮਈ ਸੰਘਰਸ਼ ਕੀਤਾ ਅਤੇ ਕਈਆਂ ਨੇ ਹਥਿਆਰਬੰਦ ਤਰੀਕੇ ਨਾਲ। 1849 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਆਜ਼ਾਦ ਧਰਮ-ਨਿਰਪੱਖ ਰਾਜ, ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਨਾਲ ਸਮਾਪਤ ਹੋ ਗਿਆ ਸੀ। ਪੰਜਾਬ ਦੇ ਲੋਕਾਂ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਬਹੁਤ ਗੁੱਸਾ ਸੀ?

ਪੰਜਾਬੀ ਨੌਜਵਾਨ ਮਦਨ ਲਾਲ ਢੀਂਗਰਾ ਨੇ ਅੰਗਰੇਜ਼ੀ ਰਾਜ ਪ੍ਰਤੀ ਵਿਰੋਧ ਜ਼ਾਹਿਰ ਕਰਦਿਆਂ, ਅੰਗਰੇਜ਼ ਅਫ਼ਸਰ ਵਿਲੀਅਮ ਕਰਜ਼ਨ ਵਾਇਲੀ ਨੂੰ ਗੋਲੀ ਨਾਲ ਉਡਾ ਦਿੱਤਾ ਸੀ। 16 ਅਗਸਤ, 1909 ਨੂੰ ਸ਼ਹੀਦ ਮਦਨ ਲਾਲ ਢੀਂਗਰਾ ਸ਼ਹੀਦੀ ਦਾ ਜਾਮ ਪੀ ਗਿਆ ਸੀ।

ਭਾਰਤ ਦੀ ਆਜ਼ਾਦੀ ਦੇ ਅੰਦੋਲਨ ਵਿਚ ਕੂਕਾ ਲਹਿਰ ਦਾ ਵੀ ਕਾਫ਼ੀ ਯੋਗਦਾਨ ਹੈ। ਬਾਬਾ ਰਾਮ ਸਿੰਘ ਦੀ ਅਗਵਾਈ ਵਿਚ ਕੂਕਿਆਂ ਨੇ ਅੰਗਰੇਜ਼ੀ ਸਰਕਾਰ ਨਾਲ ਅਸਹਿਯੋਗ ਦਾ ਨਾਅਰਾ ਦਿੱਤਾ ਸੀ। ਗਊ ਹੱਤਿਆ ਵਿਰੁੱਧ ਸੰਘਰਸ਼ ਕਰਦਿਆਂ, ਕੂਕਿਆਂ ਨੇ ਮਾਲੇਰਕੋਟਲਾ ਦੇ ਬੁੱਚੜਾਂ ਉੱਤੇ ਹਮਲਾ ਕੀਤਾ। 15 ਜਨਵਰੀ, 1872 ਨੂੰ ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਸੀ। 66 ਕੂਕੇ ਸ਼ਹੀਦ ਹੋ ਗਏ ਸਨ।

**ਸੰਪਾਦਕ**
**ਭਗਵਾਨ ਸਿੰਘ ਲੁਬਾਣਾ**
**98155-40240**



1941 ਵਿਚ ਜਨਰਲ ਮੋਹਨ ਸਿੰਘ ਨੇ ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕੀਤੀ ਸੀ, 1942 ਵਿਚ ਜਨਰਲ ਮੋਹਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ, 1943 ਵਿਚ ਆਜ਼ਾਦ ਹਿੰਦ ਫੌਜ ਦੀ ਕਮਾਂਡ ਸੁਭਾਸ਼ ਚੰਦਰ ਬੋਸ ਨੇ ਸੰਭਾਲ ਲਈ ਸੀ। ਆਜ਼ਾਦ ਹਿੰਦ ਫੌਜ ਵਿਚ ਪੰਜਾਬੀਆਂ ਦਾ ਸਭ ਤੋਂ ਵਧੇਰੇ ਯੋਗਦਾਨ ਸੀ।

ਪੰਜਾਬ ਵਿਚੋਂ ਅਮਰੀਕਾ ਗਏ ਕਿਸਾਨਾਂ ਨੇ ਅਮਰੀਕਾ ਦੇ ਸਾਨਫ਼ਰਾਂਸਿਸਕੋ ਸ਼ਹਿਰ ਵਿਚ ਭਾਰਤ ਨੂੰ ਆਜ਼ਾਦ ਕਰਾਉਣ ਦਾ ਸੁਪਨਾ ਵੇਖਿਆ ਸੀ। 1913 ਵਿਚ ਗ਼ਦਰ ਅਖ਼ਬਾਰ ਸ਼ੁਰੂ ਕੀਤਾ ਸੀ। ਭਾਰਤ ਵਿਚ ਸਮਾਜਵਾਦੀ ਇਨਕਲਾਬ ਲਿਆਉਣ ਲਈ ਗ਼ਦਰ ਪਾਰਟੀ ਕਾਇਮ ਕੀਤੀ ਗਈ ਸੀ। ਗ਼ਦਰ ਪਾਰਟੀ ਦੇ ਪ੍ਰਮੁੱਖ ਆਗੂ ਸਨ- ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਬਾਬਾ ਕੇਸਰ ਸਿੰਘ ਠੱਠਗੜ੍ਹ, ਪੰਡਿਤ ਕਾਂਸ਼ੀ ਰਾਮ, ਲਾਲਾ ਹਰਦਿਆਲ, ਬਾਬਾ ਵਿਸਾਖਾ ਸਿੰਘ, ਜਵਾਲਾ ਸਿੰਘ ਠੱਠੀਆਂ, ਭਾਈ ਭਗਵਾਨ ਸਿੰਘ। 1915 ਵਿਚ ਭਾਰਤ ਪਰਤ ਕੇ ਭਾਰਤ ਨੂੰ ਹਥਿਆਰਬੰਦ ਢੰਗ ਨਾਲ ਆਜ਼ਾਦ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਛੋਟੀ ਉਮਰ ਵਿਚ ਹੀ ਕਰਤਾਰ ਸਿੰਘ ਸਰਾਭਾ ਨੇ ਆਜ਼ਾਦੀ ਪ੍ਰਾਪਤੀ ਲਈ ਸੰਘਰਸ਼ ਕੀਤਾ। ਕਰਤਾਰ ਸਿੰਘ ਸਰਾਭਾ ਨੂੰ 13 ਸਤੰਬਰ, 1915 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਫ਼ਾਂਸੀ ਲਾ ਦਿੱਤੀ ਸੀ।

42 ਗ਼ਦਰੀ ਇਨਕਲਾਬੀ ਦੇਸ਼ ਭਗਤਾਂ ਨੂੰ ਮੌਤ ਦੀ ਸਜ਼ਾ ਦੇ ਕੇ ਫ਼ਾਂਸੀ ਦਿੱਤੀ ਗਈ। 114 ਗ਼ਦਰੀ ਯੋਧਿਆਂ ਨੂੰ ਉਮਰ ਕੈਦ ਹੋਈ। ਬਾਬਾ ਗੁਰਮੁੱਖ ਸਿੰਘ ਲਲਤੋਂ, ਬਾਬਾ ਪ੍ਰਿਥੀ ਸਿੰਘ ਆਜ਼ਾਦ ਚਲਦੀ ਰੇਲ ਗੱਡੀ ਵਿਚੋਂ ਹੱਥਕੜੀਆਂ ਤੇ ਬੇੜੀਆਂ ਸਮੇਤ, ਹੇਠਾਂ ਛਾਲਾਂ ਮਾਰ ਗਏ। ਮੁੜ ਹੱਥ ਨਾ ਆਏ।

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਕਾਮਾਗਾਟਾਮਾਰੂ ਨਾਲ ਸੰਬੰਧਿਤ ਘਟਨਾ ਵੀ ਖ਼ਾਸ ਮਹੱਤਵ ਰੱਖਦੀ ਹੈ। ਸਰਹਾਲੀ ਕਲਾਂ (ਅੰਮ੍ਰਿਤਸਰ) ਦੇ ਬਹਾਦਰ ਸੱਜਣ ਬਾਬਾ ਗੁਰਦਿੱਤ ਸਿੰਘ ਨੇ ਜਾਪਾਨੀ ਜਹਾਜ਼ ਕਾਮਾਗਾਟਾ ਮਾਰੂ, ਕੈਨੇਡਾ ਜਾਣ ਲਈ ਕਿਰਾਏ ਉੱਤੇ ਲਿਆ। 376 ਭਾਰਤੀ ਮੁਸਾਫ਼ਰਾਂ ਨੂੰ ਲੈ ਕੇ ਇਹ ਜਹਾਜ਼ 22 ਮਈ 1914 ਨੂੰ ਵੈਨਕੂਵਰ ਦੀ ਬੰਦਰਗਾਹ ਤੋਂ ਦੂਰ ਕੈਨੇਡਾ ਦੀ ਅੰਗਰੇਜ਼ੀ ਸਰਕਾਰ ਨੇ ਰੋਕ ਲਿਆ। ਮੁਸਾਫ਼ਰਾਂ ਨੂੰ ਉਤਰਨ ਨਹੀਂ ਦਿੱਤਾ। ਦੋ ਮਹੀਨੇ ਬਾਅਦ ਇਹ ਜਹਾਜ਼ ਵਾਪਸ ਸਫ਼ਰ ਕਰ ਕੇ, 22 ਜੁਲਾਈ, 1914 ਨੂੰ ਕਲਕੱਤਾ ਨੇੜੇ ਬਜਬਜ ਘਾਟ ਉੱਤੇ ਲੱਗਾ। ਜਿਸ ਦਾ ਅੰਗਰੇਜ਼ੀ ਪੁਲਿਸ ਨੇ ਗੋਲੀਆਂ ਨਾਲ ਸਵਾਗਤ ਕੀਤਾ। 18 ਯਾਤਰੀ ਮਾਰੇ ਗਏ, 36 ਯਾਤਰੀ ਜ਼ਖ਼ਮੀ ਹੋਏ। ਬਾਬਾ ਗੁਰਦਿੱਤ ਸਿੰਘ, 32 ਹੋਰ, ਬਚ ਕੇ ਭੱਜਣ ਵਾਲੇ ਯਾਤਰੀਆਂ ਵਿਚ ਸ਼ਾਮਿਲ ਸਨ।

13 ਅਪ੍ਰੈਲ 1919, ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲੇ ਬਾਗ਼, ਅੰਮ੍ਰਿਤਸਰ ਇਕ ਵਿਸ਼ਾਲ ਜਨ ਸਭਾ ਉੱਤੇ ਜਨਰਲ ਡਾਇਰ ਦੇ ਹੁਕਮਾਂ ਨਾਲ, ਗੋਲ਼ੀਆਂ ਦਾ ਮੀਂਹ ਵਰਸਾਇਆ ਗਿਆ। ਕਰੀਬ ਇਕ ਹਜ਼ਾਰ ਨਿਰਦੋਸ਼ ਭਾਰਤੀ ਜਿਸ ਵਿਚ ਬਜ਼ੁਰਗ, ਨੌਜਵਾਨ, ਔਰਤਾਂ ਅਤੇ ਬੱਚੇ ਸ਼ਾਮਲ ਸਨ, ਮਾਰੇ ਗਏ। ਭਾਰਤ ਭਰ ਵਿਚ ਅੰਗਰੇਜ਼ਾਂ ਵਿਰੁੱਧ ਗੁੱਸਾ ਬਹੁਤ ਭਖਿਆ।

ਨਾਮਿਲਵਰਤਨ ਲਹਿਰ ਪੂਰੇ ਜ਼ੋਬਨ ਉਤੇ ਸੀ। ਪੰਜਾਬ ਕਿਸੇ ਨਾਲੋਂ ਪਿਛੇ ਨਹੀਂ ਰਿਹਾ। ਪੰਜਾਬ ਵਿਚੋਂ ਸਿੱਖ ਪੂਰੇ ਜ਼ੋਰਾਂ ਨਾਲ ਇਸ ਲਹਿਰ ਵਿਚ ਕੁੱਦ ਪਏ। ਅਕਾਲੀ ਲਹਿਰ ਸ਼ੁਰੂ ਹੋਈ, ਸ਼ਹੀਦੀਆਂ ਦੀ ਝੜੀ ਲੱਗ ਗਈ। ਮਾਸਟਰ ਮੋਤਾ ਸਿੰਘ, ਖ਼ਾਲਸਾ ਮਿਡਲ ਸਕੂਲ ਮਾਹਲਪੁਰ ਜ਼ਿਲ੍ਹਾ

ਹੁਸ਼ਿਆਰਪੁਰ ਦੇ ਸਾਬਕਾ ਹੈਡਮਾਸਟਰ ਨੇ ਇਕ ਤਕਰੀਰ ਕੀਤੀ। ਉਹਨਾਂ ਦੇ ਵਾਰੰਟ ਨਿਕਲੇ। ਪਰ ਬਾਦਸ਼ਾਹ ਦੀ ਪ੍ਰਾਹੁਣਚਾਰੀ ਉਹਨਾਂ ਨੂੰ ਮਨਜ਼ੂਰ ਨਹੀਂ ਸੀ। ਉਹਨਾਂ ਦੀਆਂ ਤਕਰੀਰਾਂ ਫਿਰ ਵੀ ਹੁੰਦੀਆਂ ਰਹੀਆਂ; ਕੋਟ ਫਤੂਹੀ ਨਾਂ ਦੇ ਇਕ ਪਿੰਡ ਵਿਚ ਭਾਰੀ ਦੀਵਾਨ ਸਜਿਆ। ਪੁਲਿਸ ਨੇ ਚਾਰ ਪਾਸਿਓਂ ਘੇਰਾ ਪਾ ਲਿਆ। ਫਿਰ ਵੀ ਮਾਸਟਰ ਮੋਤਾ ਸਿੰਘ ਨੇ ਤਕਰੀਰ ਕੀਤੀ। ਅਖੀਰ ਪ੍ਰਧਾਨ ਦੀ ਆਗਿਆ ਨਾਲ ਸਾਰੇ ਸਰੋਤੇ ਉਠ ਪਏ। ਮਾਸਟਰ ਜੀ ਵੀ ਪਤਾ ਨਹੀਂ ਕਿੱਧਰ ਗਏ। ਬਹੁਤ ਦਿਨ ਇਸ ਤਰ੍ਹਾਂ ਹੀ ਲੁਕਣ ਮੀਟੀ ਖੇਡੀ ਜਾਂਦੀ ਰਹੀ। ਸਰਕਾਰ ਨੂੰ ਬੁਖਲਾਹਟ ਹੋਈ, ਅੰਤ ਵਿਚ ਇਕ ਹਮਜੋਲੀ ਨੇ ਧੋਖਾ ਦਿੱਤਾ ਅਤੇ ਡੇਢ ਸਾਲ ਬਾਅਦ ਮਾਸਟਰ ਜੀ ਨੂੰ ਅੰਗਰੇਜ਼ੀ ਸਰਕਾਰ ਵੱਲੋਂ ਸਖ਼ਤ ਸਜ਼ਾ ਦਿੱਤੀ ਗਈ।

ਗੁਰੂ ਦੇ ਬਾਗ ਦਾ ਮੋਰਚਾ ਲੱਗਾ। ਨਿਹੱਥਿਆਂ ਉਤੇ ਜਦੋਂ ਭਾੜੇ ਦੇ ਟੱਟੂ ਟੁੱਟ ਪੈਂਦੇ ਉਹਨਾਂ ਨੂੰ ਕੁਟ ਕੁਟ ਅਧਮੋਏ ਕਰ ਦੇਂਦੇ। ਚਾਰੇ ਪਾਸੇ ਗ੍ਰਿਫਤਾਰੀਆਂ ਦਾ ਦੌਰ ਸੀ। ਸਰਦਾਰ ਕਿਸ਼ਨ ਸਿੰਘ ਗੜਗੱਜ ਦੇ ਨਾਂ ਵਰੰਟ ਨਿਕਲੇ ਪਰ ਉਹ ਵੀ ਤਾਂ ਇਸੇ ਪਾਰਟੀ ਦੇ ਸਨ। ਉਨ੍ਹਾਂ ਗ੍ਰਿਫਤਾਰ ਹੋਣਾ ਨਾ ਮੰਨਿਆ। ਪੁਲਿਸ ਹੱਥ ਧੋ ਕੇ ਪਿੱਛੇ ਪੈ ਗਈ ਪਰ ਬਚਦੇ ਹੀ ਰਹੇ; ਉਨ੍ਹਾਂ ਦਾ ਜਥੇਬੰਦ ਕੀਤਾ ਹੋਇਆ ਆਪਣਾ ਇਕ ਕ੍ਰਾਂਤੀ ਦਲ ਸੀ। ਨਿਹੱਥਿਆਂ ਉਤੇ ਢਾਹੇ ਜਾਣ ਵਾਲੇ ਜ਼ੁਲਮ ਨੂੰ ਉਹ ਸਹਾਰ ਨਾ ਸਕੇ। ਕ੍ਰਾਂਤੀਕਾਰੀ ਪ੍ਰਚਾਰ ਦੇ ਨਾਲ-ਨਾਲ ਉਹਨਾਂ ਹਥਿਆਰਾਂ ਦੀ ਵਰਤੋਂ ਵੀ ਜ਼ਰੂਰੀ ਸਮਝੀ।

1928 ਵਿਚ ਕੇਵਲ ਅੰਗਰੇਜ਼ ਮੰਤਰੀਆਂ ਦਾ ਇਕ ਮੰਡਲ ਸਾਈਮਨ ਕਮਿਸ਼ਨ ਦੇ ਰੂਪ ਵਿਚ ਭਾਰਤ ਆਇਆ ਸੀ। ਲਾਹੌਰ ਵਿਖੇ ਲਾਲਾ ਲਾਜਪਤ ਰਾਏ ਦੀ ਅਗਵਾਈ ਵਿਚ ਇਸ ਕਮਿਸ਼ਨ ਦੇ ਵਿਰੁੱਧ ਜਲੂਸ ਕੱਢਿਆ ਗਿਆ ਸੀ। ਲਾਠੀਚਾਰਜ ਹੋਇਆ। ਲਾਲਾ ਲਾਜਪਤ ਰਾਏ ਜ਼ਖ਼ਮੀ ਹੋਣ ਤੋਂ ਬਾਅਦ 17 ਨਵੰਬਰ 1928 ਨੂੰ ਅਕਾਲ ਚਲਾਣਾ ਕਰ ਗਏ ਸਨ। ਲਾਲਾ ਜੀ ਦੀ ਸ਼ਹੀਦੀ ਦਾ ਬਦਲਾ ਬਾਅਦ ਵਿਚ ਸ਼ਹੀਦ ਭਗਤ ਸਿੰਘ ਨੇ ਲਿਆ ਸੀ।

ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਪੰਜਾਬ ਵਿਚ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ ਵਿਚ ਹਿੰਦੁਸਤਾਨ ਸਮਾਜਵਾਦੀ ਗਣਤੰਤਰ ਸੈਨਾ ਕਾਇਮ ਕੀਤੀ ਗਈ। ਅੰਗਰੇਜ਼ਾਂ ਨੂੰ ਭਾਰਤ ਛੱਡ ਜਾਣ ਲਈ ਚਿਤਾਵਨੀ ਦੇਣ ਲਈ, ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ 8 ਅਪ੍ਰੈਲ 1929 ਨੂੰ ਭਾਰਤ ਦੀ ਕੇਂਦਰੀ ਅਸੈਂਬਲੀ ਵਿਚ ਜ਼ੋਰਦਾਰ ਧਮਾਕਾ ਕੀਤਾ। ਇਨਕਲਾਬ ਜ਼ਿੰਦਾਬਾਦ, ਬਰਤਾਨਵੀ ਸਾਮਰਾਜ ਮੁਰਦਾਬਾਦ ਦੇ ਨਾਅਰੇ ਲਾਏ। 23 ਮਾਰਚ, 1931 ਨੂੰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫ਼ਾਂਸੀ ਲਗਾਈ ਗਈ। ਆਜ਼ਾਦੀ ਦੀ ਲਹਿਰ ਹੋਰ ਪ੍ਰਚੰਡ ਹੋਈ। ਜਲ੍ਹਿਆਂਵਾਲੇ ਬਾਗ਼ ਅੰਮ੍ਰਿਤਸਰ ਦਾ ਖ਼ੂਨੀ ਸਾਕਾ ਜੋ ਕਿ ਊਧਮ ਸਿੰਘ ਨੇ ਆਪਣੇ ਅੱਖੀਂ ਦੇਖਿਆ ਸੀ। ਊਧਮ ਸਿੰਘ ਨੇ ਮੰਨ ਹੀ ਮੰਨ ਠਾਣ ਲਿਆ ਸੀ ਕਿ ਇਸ ਕਤਲੇਆਮ ਦਾ ਬਦਲਾ ਜ਼ਰੂਰ ਲੈਣਾ ਹੈ। ਇਸ ਲਈ ਉਹ ਕਿਸੇ ਨਾ ਕਿਸੇ ਤਰੀਕੇ ਲੰਡਨ ਪਹੁੰਚ ਗਿਆ। ਉਥੇ ਜਾ ਕੇ ਸਰ ਮਾਈਕਲ ਓਡਵਾਇਰ ਨੂੰ ਮਾਰਨ ਵਿਉਂਤਬੰਦੀ ਬਣਾਉਂਦਾ ਰਿਹਾ। ਪੂਰੇ 21 ਸਾਲਾਂ ਬਾਅਦ, ਲੰਡਨ ਦੇ ਕੈਕਸਟਨ ਹਾਲ ਵਿਖੇ, 13 ਮਾਰਚ 1940 ਨੂੰ ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਨੂੰ ਗੋਲੀ ਮਾਰ ਕੇ ਮਾਰ ਮੁਕਾਇਆ ਸੀ। ਊਧਮ ਸਿੰਘ ਮੌਕੇ ਤੋਂ ਫ਼ਰਾਰ ਨਹੀਂ ਸੀ ਹੋਇਆ, ਸਗੋਂ ਕਿਹਾ ਕਿ ਉਹਨੇ ਆਪਣਾ ਵਚਨ ਪੂਰਾ ਕੀਤਾ ਸੀ। ਸਰ ਮਾਈਕਲ ਓਡਵਾਇਰ ਨੇ ਨਿਹੱਥੇ ਲੋਕਾਂ ਨੂੰ ਸ਼ਹੀਦ ਕੀਤਾ ਸੀ, ਉਸ ਨੇ ਆਪਣੇ ਲੋਕਾਂ ਦੇ ਕਾਤਲ ਤੋਂ ਬਦਲਾ ਲਿਆ ਸੀ। ਊਧਮ ਸਿੰਘ ਨੇ ਐਲਾਨ ਕੀਤਾ ਕਿ ਉਸ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਹੈ।

1942 ਦੀ ਭਾਰਤ ਛੱਡੋ ਲਹਿਰ ਵਿਚ ਵੀ ਪੰਜਾਬੀਆਂ ਦਾ ਵੱਡਾ ਯੋਗਦਾਨ ਸੀ। ਅਨੇਕਾਂ ਪੰਜਾਬੀਆਂ ਨੇ ਜੇਲ੍ਹਾਂ ਕੱਟੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਅੱਗੇ ਹੋ ਕੇ ਸ਼ਹਾਦਤਾਂ ਦਿੱਤੀਆਂ।

1914-15 ਵਿਚ ਦਰਜਨਾਂ ਸਿੱਖ ਗ਼ਦਰੀ ਬਾਬਿਆਂ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ੍ਹ ਵਿਚ ਲੰਮਾ ਸਮਾਂ ਤਸੀਹੇ ਦਿੱਤੇ ਜਾਂਦੇ ਰਹੇ ਸਨ। ਪੰਜਾਬ ਦੇ ਬਹਾਦਰ ਸਪੂਤ ਡਾ. ਦੀਵਾਨ ਸਿੰਘ ਕਾਲੇਪਾਣੀ ਨੇ 14 ਜਨਵਰੀ, 1944 ਨੂੰ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ੍ਹ ਵਿਚ ਤਿੰਨ ਮਹੀਨੇ ਜਾਪਾਨੀਆਂ ਦੇ ਤਸੀਹੇ ਸਹਿੰਦਿਆਂ ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਆਪਣੀ ਜਾਨ ਦੀ ਆਹੂਤੀ ਦੇ ਦਿੱਤੀ। ਭਾਰਤ ਖਾਸਕਰ ਪੰਜਾਬ ਦੇ ਬਹਾਦਰ ਯੋਧਿਆਂ ਦਾ ਅੰਗਰੇਜ਼ੀ ਹਕੂਮਤ ਵਿਰੁੱਧ ਬਹੁਤ ਗੁੱਸਾ ਸੀ, ਜੋ ਕਿ ਅਜ਼ਾਦੀ ਪ੍ਰਾਪਤੀ ਦਾ ਮੁੱਖ ਸਰੋਤ ਬਣਿਆ।

ਆਖਰਕਾਰ ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ। 15 ਅਗਸਤ, 1947 ਨੂੰ ਦੇਸ਼ ਆਜ਼ਾਦ ਹੋ ਗਿਆ।

ਹਜ਼ਾਰਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨਾਲ ਸਾਨੂੰ ਇਹ ਆਜ਼ਾਦੀ ਪ੍ਰਾਪਤ ਹੋਈ। ਇਸ ਆਜ਼ਾਦੀ ਨੂੰ ਹੁਣ ਅਸੀਂ ਨਾ ਸਿਰਫ਼ ਕਾਇਮ ਹੀ ਰੱਖਣਾ ਹੈ, ਸਗੋਂ ਦੇਸ਼ ਭਗਤਾਂ ਦੇ ਆਰਥਿਕ ਖ਼ੁਸ਼ਹਾਲੀ ਦੇ ਸਾਰੇ ਸੁਪਨੇ ਜੋ ਉਨ੍ਹਾਂ ਨੇ ਸਾਡੇ ਲਈ ਵੇਖੇ ਸਨ, ਵੀ ਪੂਰੇ ਕਰਨੇ ਹਨ। ਦੇਸ਼ ਨੂੰ ਬੇਰੁਜ਼ਗਾਰੀ, ਭੁੱਖ-ਨੰਗ, ਅਨਪੜ੍ਹਤਾ, ਭ੍ਰਿਸ਼ਟਾਚਾਰ, ਚੋਰ ਬਾਜ਼ਾਰੀ ਆਦਿ ਤੋਂ ਮੁਕਤ ਕਰਨਾ ਹੈ। ਇਹ ਹੀ ਸਾਡੀ ਦੇਸ਼ ਭਗਤਾਂ ਅਤੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

*ਰੱਖੜ ਪੁੰਨਿਆਂ ਤੇ ਵਿਸ਼ੇਸ਼*

# ਵਿਸ਼ਵਾਸ ਦਾ ਸਿਖਰ - ਬਾਬਾ ਮੱਖਣ ਸ਼ਾਹ ਲੁਬਾਣਾ

ਸਿੱਖ ਧਰਮ ਦੇ ਇਤਿਹਾਸ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦਾ ਨਾਮ ਧਰੂ ਤਾਰੇ ਵਾਂਗ ਚਮਕਦਾ ਹੈ। ਇਸ ਮਹਾਂਪੁਰਖ ਦਾ ਜਨਮ ਸੰਨ 1919 ਈ. ਵਿਚ ਪਿੰਡ ਟਾਂਡਾ ਜ਼ਿਲ੍ਹਾ ਗੁਜਰਾਤ ਹਾਲ ਪਾਕਿਸਤਾਨ ਵਿਚ ਪਿਤਾ ਦਾਸੇ ਸ਼ਾਹ ਦੇ ਘਰ ਹੋਇਆ। ਇਹ ਟਾਂਡਾ ਜ਼ਿਲ੍ਹਾ ਗੁਜਰਾਤ ਵਾਲਾ ਹੀ ਟਾਂਡਾ ਸੀ ਜਾਂ ਨਹੀਂ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਪ੍ਰੰਤੂ ਜਨਮ ਦਾ ਸਾਲ 1619 ਹੀ ਸੀ ਬਾਰੇ ਸਾਰੇ ਵਿਦਵਾਨਾਂ ਦਾ ਇਕਮੱਤ ਹੈ। ਪੁਰਾਤਨ ਸਮੇਂ ਤੋਂ ਬ੍ਰਿਟਿਸ਼ ਰਾਜ ਦੇ ਮੁੱਢਲੇ ਦਿਨਾਂ ਤੱਕ ਲੁਬਾਣਾ ਬਰਾਦਰੀ ਦਾ ਮੁੱਖ ਧੰਦਾ ਸਮਾਨ ਦੀ ਢੋਆ-ਢੁਆਈ ਸੀ। ਮੁੱਖ ਤੌਰ ਤੇ ਉਹ ਆਪਣੇ ਬਲਦਾਂ ਤੇ ਸਮਾਨ ਲੱਦ ਕੇ ਇਧਰ-ਉਧਰ ਦੂਰ-ਦੁਰਾਡੇ ਤੱਕ ਢੋਆ-ਢੁਆਈ ਦਾ ਕੰਮ ਕਰਦੇ ਸਨ। ਬਲਦਾਂ ਤੋਂ ਅੱਗੇ ਗੱਡਿਆਂ ਦੀਆਂ ਵਹੀਰਾਂ ਅਤੇ ਸਮਰੱਥਾ ਮੁਤਾਬਕ ਦਰਿਆਵਾਂ ਵਿਚ ਬੇੜਿਆਂ ਰਾਹੀਂ ਢੋਆ-ਢੁਆਈ ਦਾ ਧੰਦਾ ਕੀਤਾ ਜਾਂਦਾ ਸੀ। ਧਨਾਢ ਸਿੱਖ ਮੱਖਣ ਸ਼ਾਹ ਲੁਬਾਣਾ ਜੋ ਗੁਰੂ ਨਾਨਕ ਦੇ ਘਰ ਦਰਬਾਰ ਦਾ ਅਨਿਨ ਸ਼ਰਧਾਲੂ ਤੇ ਵੱਡਾ ਵਪਾਰੀ ਸੀ, ਦਾ ਦਰਿਆਈ ਅਤੇ ਸਮੁੰਦਰੀ ਰਸਤੇ ਬੇੜੇ ਰਾਹੀਂ ਢੋਆ ਢੁਆਈ ਦਾ ਵਪਾਰ ਵੀ ਸੀ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**




ਇਕ ਵਾਰ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਤੇਜ ਹਵਾਵਾਂ ਅਤੇ ਉੱਚੀਆਂ ਲਹਿਰਾਂ ਦੇ ਤੂਫ਼ਾਨ ਵਿਚ ਫਸ ਗਿਆ। ਜਹਾਜ਼ ਡੋਲੇ ਖਾਣ ਲੱਗਾ। ਸਿੱਖ ਦਾ ਬੇੜਾ ਸ਼ਰਧਾ ਤੇ ਵਿਸ਼ਵਾਸ ਨਾਲ ਪਾਰ ਹੁੰਦਾ ਹੈ। ਬਾਣੀ ਵਿਚ ਜ਼ਿਕਰ ਹੈ।

**"ਜੋ ਮਨ ਚਿਤ ਲਾਇ ਪੂਜੇ ਗੁਰੂ ਮੂਰਿਤ,**
**ਸੋ ਮੰਨ ਚਿੰਦੇ ਅਨੇਕ ਫਲ ਪਾਂਹੀ ॥"**

ਮੱਖਣ ਸ਼ਾਹ ਦੇ ਗੁਰੂ ਨਾਨਕ ਜੀ ਦੇ ਦਰਬਾਰ ਦੀ ਗੁਰ ਗੱਦੀ ਦਾ ਧਿਆਨ ਰੱਖ ਕੇ ਸ਼ਰਧਾ ਨਾਲ ਅਰਦਾਸ ਕੀਤੀ ਕਿ ਹੇ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਆਪ ਜੀ ਮੇਰੇ ਜਨ ਮਾਲ ਦੀ ਰਾਖੀ ਕਰੋ, ਇਸ ਬਿਪਤਾ ਵਿਚੋਂ ਮੇਰੇ ਬੇੜੇ ਨੂੰ ਸੁੱਖੀ ਸਾਂਦੀ ਬਾਹਰ ਕੱਢੋ, ਮੈਂ ਆਪ ਜੀ ਦੀ ਗੱਦੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਤਨ, ਮਨ ਅਤੇ ਧਨ ਨਾਲ ਨਤਮਸਤਕ ਹੋਵਾਗਾਂ। ਸਿੱਖ ਦੀ ਸ਼ਰਧਾ ਭਰੀ ਅਰਦਾਸ ਮਨਜ਼ੂਰ ਹੋਈ।

**ਗੁਰ ਪੂਰਾ ਜਿਨ ਸਿਮਰਿਆ, ਸੇਈ ਭਏ ਨਿਹਾਲਾ।**

ਬੇੜਾ ਸਹੀ ਸਲਾਮਤ ਬੰਨੇ ਲੱਗ ਪਿਆ। ਸਿੱਖ ਦੀ ਰਸਨਾ ਤੇ ਆਇਆ ਧੰਨ ਸਤਿਗੁਰੂ-"**ਤੂੰ ਕਰਤਾ ਤੂੰ ਕਰਣੇ ਯੋਗ ॥**" ਧੰਨ ਮੇਰੇ ਪਾਤਸ਼ਾਹ ਸੇਵਕਾਂ ਦੇ ਸਦਾ ਸਹਾਈ, ਆਪ ਜੀ ਦਾ ਲੱਖ-ਲੱਖ ਸ਼ੁਕਰ ਹੈ।

ਸਿੱਖ ਦਾ ਜਹਾਜ਼ ਕਿਨਾਰੇ ਲੱਗਾ। ਪਹਿਲੀ ਫੁਰਸਤ ਹੀ ਕਿਨਾਰੇ ਲਗਾਉਣ ਵਾਲੇ ਗੁਰੂ ਦੇ ਦਰਸ਼ਨ ਕਰਨ ਅਤੇ ਸ਼ੁਕਰਾਨਾ ਕਰਨ ਲਈ ਪਰਿਵਾਰ ਅਤੇ ਸੇਵਕਾਂ ਸਮੇਤ ਨਿਕਲ ਤੁਰਿਆ। ਪਤਾ ਲੱਗਾ ਅੱਠਵੇਂ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਜੋਤੀ ਜੋਤ ਸਮਾ ਚੁੱਕੇ ਹਨ। ਅੰਤਮ ਸਮੇਂ ਪੰਜ ਪੈਸੇ ਤੇ ਨਾਰੀਅਲ ਰੱਖ ਕੇ 'ਬਾਬਾ ਬਕਾਲੇ' ਕਹਿ ਕੇ ਨਮਸ਼ਕਾਰ ਕਰਕੇ ਸੰਗਤਾਂ ਨੂੰ ਅਗਲਾ ਗੁਰੂ ਬਾਬੇ ਬਕਾਲੇ ਵਿਚ ਹੋਣ ਦਾ ਇਸ਼ਾਰਾ ਕਰ ਗਏ ਹਨ।

ਸਿੱਖ ਨੇ ਬਾਬਾ ਬਕਾਲਾ ਨਗਰ ਦਾ ਰਾਹ ਫੜਿਆ। ਬਕਾਲੇ ਪਹੁੰਚੇ ਕੇ ਮੱਖਣ ਸ਼ਾਹ ਨੇ ਸਾਰੇ ਡੇਰੇ ਸਮੇਤ ਨਗਰ ਦੇ ਬਾਹਰ ਖੁੱਲ੍ਹੀ ਜਗ੍ਹਾ ਤੇ ਤੰਬੂ-ਕਨਾਤਾਂ ਲਗਾ ਲਏ। ਰਾਤ ਵਿਸ਼ਰਾਮ ਕੀਤਾ। ਬੀਤੀ ਸਵੇਰ ਅੰਮ੍ਰਿਤ ਵੇਲੇ ਉੱਠੇ, ਇਸ਼ਨਾਨ ਪਾਠ ਕਰਕੇ ਅਰਦਾਸ ਕੀਤੀ ਅਤੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ, ਅੱਠਵੇਂ ਗੁਰੂ ਜੀ ਦੇ ਬਾਬਾ ਬਕਾਲੇ ਫੁਰਮਾਨ ਕਾਰਨ ਗੁਰੂ ਪਰਿਵਾਰਾਂ ਨਾਲ ਕਿਸੇ ਤਰ੍ਹਾਂ ਦਾ ਵੀ ਰਿਸ਼ਤਾ ਰੱਖਣ ਵਾਲੇ, ਖਾਸ ਤੌਰ ਤੇ ਸੋਢੀ ਪਰਿਵਾਰਾਂ ਵਿਚੋਂ 22 ਮਸੰਦ ਖੁਦ ਸੱਚਾ ਗੁਰੂ ਹੋਣ ਦਾ ਦਾਅਵਾ ਕਰਕੇ ਵੱਖ-ਵੱਖ ਹੱਟੀਆਂ (ਦੁਕਾਨਾਂ) ਖੋਲ੍ਹ ਕੇ ਬੈਠ ਗਏ ਹਨ, ਗਰੀਬ ਨਿਵਾਜ ਸੋਝੀ ਦਿਓ, ਮੈਂ ਕਿਵੇਂ ਲੱਭ ਸਕਾਂ ਆਪ ਜੀ ਨੂੰ। ਪ੍ਰਾਰਥਨਾ ਭਰੀ ਅਰਦਾਸ ਹੋਈ। ਮੱਥਾ ਟੇਕਿਆ, ਤਿਆਰੀ ਕਰਕੇ ਦਰਸ਼ਨਾਂ ਨੂੰ ਤੁਰ ਪਏ।

ਧੀਰ ਮੱਲ ਸਮੇਤ ਸਾਰੀਆਂ ਮੰਜੀਆਂ ਤੇ ਸਜੇ ਅਖੌਤੀ ਤੇ ਪਾਖੰਡੀ ਗੁਰੂਆਂ ਨੂੰ ਕਿਸੇ ਨੂੰ ਦੋ, ਕਿਸੇ ਨੂੰ ਪੰਜ ਮੋਹਰਾ ਰੱਖ ਕੇ ਮੱਥਾ ਟੇਕਿਆ। ਸਭ ਨੇ ਮੋਹਰਾ ਜੇਬ ਵਿਚ ਪਾਈਆਂ ਤੇ ਰੱਜ-ਰੱਜ ਕੇ ਅਸੀਸਾਂ ਦਿੱਤੀਆਂ। ਸਿੱਖ ਦਾ ਮਨ ਵਿਯੋਗ ਵਿਚ ਆ ਗਿਆ ਕਿ ਸੱਚੇ ਗੁਰੂ ਨੇ ਮੈਨੂੰ ਕਿਉਂ ਨਹੀਂ ਪਛਾਣਿਆ? ਕਿਉਂ ਨਹੀਂ ਜੋ ਮੈ ਸੁਖਿਆ ਸੀ ਮੇਰੇ ਪਾਸੋਂ ਮੰਗ ਲਿਆ, ਜੋ ਇੰਨੀ ਦੂਰੀ ਤੋਂ ਮੇਰੀ ਕੀਤੀ ਅਰਦਾਸ ਸੁਣ ਕੇ ਮੇਰਾ ਬੇੜਾ ਬੰਨੇ ਲਗਾ ਸਕਦਾ ਹੈ, ਉਹ ਮੇਰੇ ਆਏ ਤੋਂ ਆਪਣੀ ਅਮਾਨਤ ਮੰਗ ਕੇ ਮੈਨੂੰ ਸੇਵਕ ਨੂੰ ਖੁਸ਼ੀਆਂ ਨਾਲ ਭਰ ਕਿਉਂ ਨਹੀਂ ਰਿਹਾ? ਮੰਨ ਉਦਾਸ ਸੀ? ਇਕ ਸਥਾਈ ਰਾਹਗੀਰ ਨੂੰ ਪੁਛਿਆ ਕੋਈ ਹੋਰ ਵੀ ਹੈ ? ਜਵਾਬ ਮਿਲਿਆ ਇਕ ਮਸਤਾਨਾ ਜਿਹਾ ਸੋਢੀ ਹੋਰ ਵੀ ਹੈ, ਜੋ ਛੇਵੇਂ ਸਤਿਗੁਰੂ ਜੀ ਦਾ ਛੋਟਾ ਸਾਹਿਬਜ਼ਾਦਾ ਹੈ, ਉਸਦਾ ਨਾਮ ਤੇਗ ਬਹਾਦਰ ਹੈ, ਲੋਕ ਤੇਗਾ ਕਮਲਾ ਵੀ ਕਹਿੰਦੇ ਹਨ। ਭੋਰੇ ਵਿਚ ਲੁਕਿਆ ਰਹਿੰਦਾ ਹੈ। ਰੱਬ ਦੇ ਨਾਮ ਵਿਚ ਮਸਤ ਹੈ। ਬਾਹਰੀ ਦੁਨੀਆਂ ਤੋਂ ਅਲਮਸਤ ਹੈ। ਸੁਣ ਕੇ ਮੱਖਣ ਸ਼ਾਹ ਦੇ ਚਿਹਰੇ ਤੇ ਖੇੜਾ ਆ ਗਿਆ। ਦਿਲ ਨੇ ਤਸੱਲੀ ਦਿੱਤੀ। ਆਤਮਾ ਨੇ ਆਖਿਆ ਤੇਰੀ ਮੁਰਾਦ ਪੂਰੀ ਹੋਣ ਵਾਲੀ ਹੈ। ਢਿੱਲ ਨਾ ਲਾ। ਅੱਠਵੇਂ ਪਾਤਸ਼ਾਹ ਨੇ ਕਿਹਾ ਸੀ 'ਬਾਬਾ ਬਕਾਲੇ' ਜੋ ਇਹ ਛੇਵੇਂ ਪਾਤਸ਼ਾਹ ਦਾ ਸਾਹਿਬਜ਼ਾਦਾ ਹੈ ਤਾਂ ਫਿਰ ਰਿਸ਼ਤੇ ਵਿਚ ਵੀ ਤਾਂ ਅੱਠਵੇਂ ਪਾਤਸ਼ਾਹ ਦਾ 'ਬਾਬਾ' ਹੀ ਲਗਾ। ਲੱਗਦੈ ਇਹੋ ਅਸਲੀ ਏ ਪਰ ਪਰਖ ਕਰ ਕੇ ਹੀ ਮੰਨਾਂਗੇ।

ਪਹੁੰਚ ਕੇ ਮਾਤਾ ਨਾਨਕੀ ਜੀ ਨੂੰ ਦਰਸ਼ਨ ਕਰਨ ਦੀ ਮਨਜ਼ੂਰੀ ਦੀ ਖਾਹਸ਼ ਜ਼ਾਹਿਰ ਕੀਤੀ। ਮਾਤਾ ਨੇ ਕਿਹਾ ਦੁਨਿਆਵੀ ਜੀਵਾਂ ਨੂੰ ਮਿਲਦੇ ਨਹੀਂ। ਜ਼ਿੱਦ ਕਰਨ ਤੇ ਮਾਤਾ ਨੇ ਅੰਦਰੋਂ ਮਨਜ਼ੂਰੀ ਲੈ ਦਿੱਤੀ। ਪਹੁੰਚ ਕੇ ਦੀਦਾਰੇ ਕੀਤੇ, ਕਪਾਟ ਖੁੱਲ੍ਹ ਗਏ, ਰੂਹ ਸਰਸ਼ਾਰ ਹੋ ਗਈ ਪਰ ਪਰਖ ਦੀ ਕਸਵੱਟੀ ਲਾ ਦਿੱਤੀ। ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ। ਮਨ ਵਿਚ ਅਰਦਾਸ ਕੀਤੀ ਜੇ ਤੂੰ ਹੀ ਮੇਰਾ ਬੇੜਾ ਪਾਰ ਲਗਾਉਣ ਵਾਲਾ ਹੈ ਤਾਂ ਕਰ ਕੋਈ ਇਸ਼ਾਰਾ।

**"ਸ੍ਰੀ ਗੁਰੂ ਤੇਗ ਬਹਾਦਰ ਚੰਦ।**
**ਕਹਯੋ ਤਿਸੈ ਹੋ ਸਿੱਖ ਬਲੰਦ।**
**ਸਾਗਰ ਸਮੇਂ ਜਹਾਜ਼ ਲੰਘਾਵਨਿ।**
**ਤਹਿ ਜੋ ਕੀਨ ਸੰਕਲਪ ਉਠਾਵਿਨ।**
**ਅਰ ਦਸੋਂਧ? ਗੁਰ ਕੋ ਹੈ ਜੋਤਾ।**
**ਅਰਪਨ ਦਰਬ ਕਰਹੁ ਅਬ ਤੇਤਾ।**
**ਸਿਖੀ ਮਹਿ ਸ਼ਰਧਾ ਨਿਤ ਰਾਖਹੂ।**
**ਗੁਰ ਹਾਜਰ ਸਦ ਜਹਾਂ ਭਿਲਾਖੀ॥"**

ਇਹ ਸੁਣ ਕੇ ਮੱਖਣ ਸ਼ਾਹ ਦੇ ਕਪਾਟ ਖੁੱਲ੍ਹ ਗਏ, ਨੇਤਰਾਂ ਵਿਚੋਂ ਵੈਰਾਗ ਵਹਿ ਤੁਰਿਆ। ਕਿਤਨਾ ਚਿਰ ਚੁੱਪ ਰਿਹਾ। ਪਪੀਹੇ ਨੂੰ ਸਵਾਂਤੀ ਬੂੰਦ ਮਿਲ ਗਈ।

**'ਹੇ ਸਤਗੁਰ ਪੂਰਨ ਕਰ ਦਯਾ।**
**ਸਾਗਰ ਪਤਾ ਜੁ ਰਾਵਰਿ ਦਯਾ।**
**ਨਯਾ ਜਨਮ ਹੋਵਤਿ ਭਾ ਮੋਰਾ।**
**ਕਰਯੋ ਨਿਵਾਰਿਨ ਸੰਕਟ ਘੋਰਾ।'**

ਸਾਰੇ ਸੰਸਾਰ ਨੂੰ ਅੰਨ ਤੇ ਧੰਨ ਨਾਲ ਪੂਰਨ ਕਰਨ ਵਾਲੇ, ਗੁਰਦੇਵ ਜੀਓ, ਆਪ ਨੇ ਮੈਥੋਂ ਦਸਵੰਧ ਤੇ ਸੁਖਨਾ ਨਹੀਂ ਮੰਗੀ। ਇਸ ਬਹਾਨੇ ਆਪ ਨੇ ਮੋਏ ਹੋਏ ਸੇਵਕ ਨੂੰ ਜਿਵਾਲ ਦਿੱਤਾ ਹੈ। ਮੇਰੇ ਵੱਡੇ ਭਾਗ ਹਨ ਜਿਸ ਨੂੰ ਤੁਸਾਂ ਦਰਸ਼ਨ ਕਰਨ ਦਾ ਸੁਭਾਗ ਬਖਸ਼ਿਆ ਹੈ। ਮੇਰੇ ਡੁੱਬਦੇ ਨੂੰ ਸਹਾਰਾ ਮਿਲਿਆ ਹੈ। ਨਰਕੀ ਜੀਵ ਨੂੰ ਸਵਰਗ ਦੀ ਪ੍ਰਾਪਤੀ ਹੋਈ ਹੈ। ਗੁਰੂ ਜੀ ਅੱਗੇ ਹੱਥ ਬੰਨ ਕੇ ਅਰਜ਼ੋਈ ਕੀਤੀ ਹੇ ਸੱਚੇ ਪਾਤਸ਼ਾਹ ਆਪ ਜੀ ਦੇ ਪ੍ਰਗਟ ਹੋ ਜਾਣ ਦਾ ਸਮਾਂ ਆ ਗਿਆ ਹੈ। ਹੁਣ ਮੈਂ ਕਦਾਚਿਤ ਵੀ ਆਪ ਜੀ ਨੂੰ ਗੁਰਗੱਦੀ ਤੋਂ ਦੂਰ ਨਹੀਂ ਰਹਿਣ ਦੇਣਾ।

**"ਸ੍ਰੀ ਗੁਰੂ ਤੇਗ ਬਹਾਦਰ ਸੁਨਿ ਕੈ।**
**ਬਰਜਨ ਕੀਨਸ ਬਾਕਿਨ ਭਨਿ ਕੈ॥**
**ਹਮ ਕੋ ਜਾਹਰ ਬਾਹਰ ਕਰੋ॥**
**ਪੁਨ ਨਾ ਮਨੋਰਥ ਇਹ ਉਰ ਧਰੋ।**
**ਜੋ ਮਾਨੁੱਖ ਇਮ ਕਰ ਹੈ ਕਾਰਾ।**
**ਤਿਹ ਮੁਖ ਹੋਇ ਦਰਗਹਿ ਮਹਿ ਕਾਰਾ।"**

ਸੁਣਦਿਆਂ ਹੀ ਮੱਖਣ ਸ਼ਾਹ ਲੰਗਰ ਘਰ ਵੱਲ ਵਧਿਆ। ਤਵੇ ਦੀ ਸਿਆਹੀ ਨਾਲ ਹੱਥ ਭਰ ਕੇ ਮੂੰਹ ਤੇ ਲਾਇਆ। ਸੋਚਿਆ ਦਰਗਾਹ ਵਿਚ ਮੂੰਹ ਕਾਲਾ ਕਰਵਾਉਣ ਨਾਲੋਂ ਇਥੇ ਕੀਤਾ ਚੰਗਾ ਹੈ। ਲੋਕ ਲਾਜ ਦੀ ਪ੍ਰਵਾਹ ਨਾ ਕੀਤੀ। **'ਆਪ ਗਵਾਈਏ ਤਾਂ ਸਹੁ ਪਾਈਏ'** ਵਾਲੀ ਗੱਲ ਤੇ ਅਮਲੀ ਜਾਮਾ ਪਹਿਨਾਇਆ। ਭੇਂਟ ਅੱਗੇ ਰੱਖੀ, ਦਸਵੰਧ ਭੇਟ ਕੀਤਾ। ਗਲ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ। ਗੁਰੂ ਨਾਨਕ ਦੀ ਸਿੱਖੀ ਜਿਸ ਦਾ ਚਹੁੰ ਕੂੰਟਾਂ ਵਿਚ ਫੈਲਿਆ ਹੋਇਆ ਹੈ, ਦੀ ਰਹਿਬਰੀ ਸਾਰਸ਼ਾਰ ਹੋ ਕੇ ਸੰਭਾਲੋ, ਗੁਰੂ ਹਰਕ੍ਰਿਸ਼ਨ ਜੀ ਵੱਲੋਂ ਉਚਰੇ ਸ਼ਬਦ **'ਬਾਬਾ ਬਕਾਲੇ'** ਦੇ ਇਸ਼ਾਰੇ ਨੂੰ ਅਸਲੀ ਜਾਮਾ ਪਹਿਨਾਓ, ਉਪਰੋਕਤ ਹੁਕਮਾਂ ਅਨੁਸਾਰ ਹੀ ਸਿੱਖ ਸੰਗਤ ਗੁਰੂ ਦਰਸ਼ਨਾਂ ਲਈ ਭੇਟਾਂ ਲੈ ਕੇ ਬਕਾਲੇ ਆਉਂਦੀ ਹੈ, ਉਹਨਾਂ ਦੀ ਸ਼ਰਧਾ ਸਿਦਕ ਇਹਨਾ ਆਪੇ ਬਣੇ ਗੁਰੂਆਂ ਦੇ ਢਾਹੇ ਚੜ੍ਹ ਕੇ ਘਟ ਜਾਂਦੀ ਹੈ, ਆਪ ਹੀ ਅੱਠਵੇਂ ਸਤਿਗੁਰੂ ਦੇ ਕਹੇ ਹੋਏ ਮੁਖਵਾਕ ਨੂੰ ਸਤ ਕਰੋ, ਗੁਰਗੱਦੀ ਤੇ ਸੁਭਾਇਮਾਨ ਹੋ ਕੇ ਸਿੱਖੀ ਨੂੰ ਸੰਭਾਲੋ।

ਗੁਰੂ ਮਹਾਰਾਜ ਸਿਦਕੀ ਸਿੱਖ ਦੀ ਸ਼ਰਧਾ, ਸਿਦਕ, ਪ੍ਰੇਮ, ਨਿਮਰਤਾ ਤੇ ਵਿਸ਼ਵਾਸ ਵੇਖ ਕੇ ਪ੍ਰੰਸਨ ਹੋ ਗਏ। ਪ੍ਰਵਾਨਗੀ ਦੇ ਦਿੱਤੀ ਆਖਿਆ ਜਾਹ ਹੁਣ ਮੂੰਹ ਧੋ ਕੇ ਆਓ।

**"ਗੁਰੂ ਆਖਿਆ ਲੈ ਮੱਖਣ ਸ਼ਾਹੁ। ਮੁਖ ਧੋਯੋ ਲੈ ਜਲ ਕਰ ਮਾਹੁ।**
**ਗੁਰ-ਗਿਰਾ ਘਰ ਇੱਛਾ ਜਾ ਕੀ। ਪੁਰਨ ਕੀਨਿ ਮਨਿ ਮਨ ਨੀਕੀ॥"**

ਸੁੰਦਰ ਪੁਸ਼ਾਕਾ ਪਹਿਨ ਕੇ ਗੁਰੂ ਜੀ ਸਿੰਘਾਸਨ ਤੇ ਬੈਠੇ। ਚੌਰ ਬਰਦਾਰ ਸਿਰ ਉਪਰ ਚੌਰ ਕਰ ਰਿਹਾ ਹੈ। ਮੱਖਣ ਸ਼ਾਹ ਭੱਜ ਕੇ ਕੋਠੇ ਤੇ ਚੜ੍ਹ ਗਿਆ। ਪੱਲਾ ਹਿਲਾ ਹਿਲਾ ਕੇ ਉਚੀ-ਉਚੀ ਆਵਾਜ਼ ਦਿੱਤੀ**'ਗੁਰੂ ਲਾਧੋ ਰੇ, ਗੁਰੂ ਲਾਧੋ ਰੇ।'**

**"ਤਿਹ ਛਿਨ ਮੱਖਣ ਚਢਿਯੋ ਊਚ ਅਟਾਰੀ।**
**ਸਭ ਸੰਗਤ ਸੋਂ ਊਚ ਉਚਾਰੀ।**
**ਭੂਲੀਏ ਸੰਗਤ ਸੁਣਹੁ ਸੋਕਾਨ।**
**ਸਤਗੁਰ ਲਧਾ ਮਹਿਦ ਮਹਾਨ।**
**ਸੰਸੈ ਭਰਮ ਰਿਦੈ ਕੋ ਤਜਿ ਕੇ।**
**ਜਨਮ ਸਧਾਰਨ ਸ੍ਰੀ ਗੁਰ ਭਜ ਕੈ॥"**

ਇਹ ਸੁਣ ਕੇ ਸੰਗਤ ਦੌੜੀ ਆਈ। ਦਰਸ਼ਨ ਕੀਤੇ, ਭੇਟਾ ਰੱਖੀਆਂ, ਚਾਰ-ਚੁਫੇਰੇ ਰੌਲਾ ਪੈ ਗਿਆ। ਜਿਸ ਨੂੰ ਲੋਕ 'ਤੇਗ਼ਾ ਕਮਲਾ' ਕਹਿੰਦੇ ਸਨ ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਨ ਸ਼ਕਤੀਆਂ ਦੇ ਮਾਲਕ ਹਨ। ਜਿਨ੍ਹਾਂ ਨੇ ਮੱਖਣ ਸ਼ਾਹ ਲੁਬਾਣੇ ਦਾ ਡੁੱਬਦਾ ਜਹਾਜ਼ ਬੰਨੇ ਲਾਇਆ ਹੈ। ਉਸ ਸ਼ਰਧਾਲੂ ਸਿੱਖ ਨੇ ਸਭ ਸੰਗਤਾਂ ਦੇ ਭਲੇ ਲਈ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ ਹੈ। ਚੰਦਰਮਾ ਚੜ੍ਹ ਪਿਆ ਹੈ, ਹੁਣ ਹਨ੍ਹੇਰਾ ਨਹੀਂ ਰਹੇਗਾ। ਭਾਈ ਮੱਖਣ ਮੱਖਣ ਸ਼ਾਹ ਲੁਬਾਣੇ ਨੇ ਆਪਣੇ ਵਿਸ਼ਵਾਸ ਰਾਹੀਂ ਕਾਰਨਾਮਾ ਕਰ ਵਿਖਾਇਆ ਹੈ।

ਇਸ ਤੋਂ ਉਪਰੰਤ ਵੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਸਤਿਗੁਰੂ ਦੇ ਸੰਗ ਰਹੇ। ਧੀਰ ਮੱਲ ਤੇ ਸ਼ੀਹੇ ਮਸੰਦ ਨੂੰ ਸੋਧਿਆ। ਸਤਿਗੁਰੂ ਦੀਆਂ ਖੁਸ਼ੀਆਂ ਅਤੇ ਅਸੀਸਾਂ ਪ੍ਰਾਪਤ ਕੀਤੀਆਂ।

ਸਮੁੱਚਾ ਸਿੱਖ ਪੰਥ ਅਤੇ ਖਾਸਕਰ ਲੁਬਾਣਾ ਬਰਾਦਰੀ ਬਾਬਾ ਮੱਖਣ ਸ਼ਾਹ ਲੁਬਾਣੇ ਦੇ ਇਸ ਕਾਰਨਾਮੇ ਨੂੰ ਹਮੇਸ਼ਾ ਸਿਜਦਾ ਕਰਦੇ ਰਹਿਣਗੇ। ਹਰ ਸਾਲ ਦੀ ਤਰ੍ਹਾਂ ਬਾਬਾ ਬਕਾਲਾ ਵਿਖੇ ਸਾਵਣ ਮਹੀਨੇ ਦੀ ਪੂਰਨਮਾਸ਼ੀ ਤੇ ਵੱਡੇ ਜੋੜ ਮੇਲੇ ਵਿੱਚ ਸਿੱਖ ਸੰਗਤਾਂ ਇਸ ਅਦੁੱਤੀ ਮਨੁੱਖ ਨੂੰ ਸਿਜਦਾ ਕਰਦੀਆਂ ਹਨ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਮੁਰਾਲੇ ਦਾ ਲੰਗਰ

ਮੁਰਾਲੇ ਦਾ ਲੰਗਰ ਮਸ਼ਹੂਰ ਸੀ। ਇਕ ਵੇਰ ਤੰਦੂਰ ਤਪਾਇਆ ਜਾਂਦਾ ਤਾਂ ਲਗਭਗ ਇਕ ਸੌ ਪ੍ਰਾਣੀਆਂ ਲਈ ਪ੍ਰਸ਼ਾਦੇ ਪੱਕ ਜਾਂਦੇ। ਇਕ ਸੱਜਣ ਬਾਬਾ ਜੈ ਸਿੰਘ ਜੰਡਾ ਵਾਲੇ ਪਿੰਡ ਦੇ ਇਨ੍ਹਾਂ ਪ੍ਰਸ਼ਾਦਿਆਂ ਨੂੰ ਨਾਲ-ਨਾਲ ਚੋਪੜੀ ਜਾਂਦੇ। ਘਿਉ ਦੇਸੀ ਵਰਤਿਆ ਜਾਂਦਾ ਸੀ। ਰਾਤ ਨੂੰ ਦਾਲਾਂ ਤੇ ਅਚਾਰ ਅਤੇ ਦੁਪਹਿਰ ਨੂੰ ਇਕ ਦਾਲ ਤੇ ਇਕ ਸਬਜ਼ੀ ਪ੍ਰਸ਼ਾਦਿਆਂ ਨਾਲ ਦਿੱਤੀ ਜਾਂਦੀ ਸੀ। ਜਦੋਂ ਲੰਗਰ ਤਿਆਰ ਹੋ ਜਾਂਦਾ ਤਾਂ ਲੰਗਰ ਦੀ ਸੇਵਾ ਕਰਨ ਵਾਲੇ ਪ੍ਰੇਮੀਆਂ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਜਾ ਕੇ ਬੇਨਤੀ ਕਰਨੀ ਕਿ ਮਹਾਰਾਜ! ਲੰਗਰ ਤਿਆਰ ਹੈ। ਫਿਰ ਆਪ ਲੰਗਰ ਵਿਚ ਆਉਂਦੇ, ਪ੍ਰਸ਼ਾਦੇ ਆਪ ਦੋਬਾਰਾ ਚੋਪੜਦੇ ਤੇ ਖੋਭੇ ਕੱਢ ਕੇ ਵਿਚ ਖੂਬ ਘਿਉ ਪਾ ਕੇ ਤਰੋ-ਤਰੀ ਕਰਦੇ। ਫਿਰ ਆਪ ਹੀ ਸੰਗਤ ਵਿਚ ਵਰਤਾਉਂਦੇ। ਇਕ ਦੋ ਵੇਰ ਪ੍ਰਸ਼ਾਦੇ ਸੰਗਤ ਵਿਚ ਪੁੱਛ ਕੇ ਫਿਰ ਆਪ ਭੀ ਸੰਗਤ ਵਿਚ ਇਕ ਮੂੜ੍ਹੇ ਤੇ ਬੈਠ ਕੇ ਸੰਗਤ ਨਾਲ ਹੀ ਪ੍ਰਸ਼ਾਦਾ ਛਕਦੇ। ਆਪ ਦਾ ਖਾਣ-ਪੀਣ ਦਾ ਬਹੁਤ ਸੰਜਮ ਸੀ; ਬਹੁਤ ਥੋੜ੍ਹਾ ਭੋਜਨ ਛਕਦੇ ਸਨ। ਉਨ੍ਹਾਂ ਦੇ ਪ੍ਰਸ਼ਾਦ ਵਿਚ ਕੋਈ ਵੱਖਰੀ ਵਿਸ਼ੇਸ਼ਤਾ ਨਹੀਂ ਸੀ ਹੁੰਦੀ। ਜਦ ਕਿ ਅੱਜ ਦੇ ਸਮੇਂ ਵਿਚ ਸੰਗਤ ਤੋਂ ਵੱਖਰੇ ਥਾਲ, ਗੱਦੀਆਂ ਵਾਲਿਆਂ ਵਾਸਤੇ ਲੱਗਦੇ ਹਨ। ਲੰਗਰ ਵਿਚ ਉਨ੍ਹਾਂ ਦਾ ਇਹ ਵਿਸ਼ਵਾਸ਼ ਸੀ ਕਿ ਜਿਤਨਾ ਪ੍ਰੇਮ ਨਾਲ ਸੰਗਤਾਂ ਨੂੰ ਲੰਗਰ ਛਕਾਇਆ ਜਾਵੇ, ਉਤਨਾ ਹੀ ਵੱਧ ਤੋਂ ਵੱਧ ਆਵੇਗਾ। ਨੌਂ ਨਿਧੀਆਂ ਅਤੇ ਅਠਾਰਾਂ ਸਿਧੀਆਂ ਸੰਗਤ ਨੂੰ ਪ੍ਰੇਮ ਨਾਲ ਲੰਗਰ ਛਕਾਉਣ ਨਾਲ ਪ੍ਰਾਪਤ ਹੁੰਦੀਆਂ ਹਨ। ਉਹ ਗੁਰੂ ਘਰ ਦੀ ਪੁਰਾਤਨ ਮਰਯਾਦਾ ਅਨੁਸਾਰ ਲੰਗਰ ਨੂੰ ਬਹੁਤ ਮਹਾਨਤਾ ਦਿੰਦੇ ਸਨ ਤੇ ਆਪ ਪੂਰਾ ਵਿਸ਼ਵਾਸ ਰੱਖਦੇ ਸਨ। ਇਸ ਤਰ੍ਹਾਂ ਆਪ ਜੀ ਨੇ ਮੁਰਾਲੇ ਡੇਰੇ ਵਿਚ ਇਕ ਬੇ-ਮਿਸਾਲ ਲੰਗਰ ਚਲਾਇਆ ਜਿਸ ਵਰਗਾ ਅੱਜ ਤੱਕ ਕੋਈ ਲੰਗਰ ਦੇਖਣ ਵਿਚ ਨਹੀਂ ਆਇਆ। ਗਰਮੀਆਂ ਵਿਚ ਪਿਛਲੇ ਪਹਿਰ ਸਾਰੀ ਸੰਗਤ ਨੂੰ ਬੜੇ ਪਿਆਰ ਨਾਲ ਸ਼ਰਦਾਈ ਛਕਾਈ ਜਾਂਦੀ ਸੀ। ਰਾਤ ਨੂੰ ਸਭ ਮਾਂਪੁਰਖਾਂ ਨੂੰ ਉਨ੍ਹਾਂ ਦੇ ਕਮਰਿਆਂ ਵਿਚ ਦੁੱਧ ਪਹੁੰਚਾਇਆ ਜਾਂਦਾ ਸੀ। ਦਿਨੇ ਗੁਫ਼ਾ ਵਿਚ ਆਪ ਇਕ ਤਖ਼ਤਪੋਸ਼ 'ਤੇ ਆਰਾਮ ਕਰਦੇ ਸਨ। ਰਾਤ ਨੂੰ ਗਰਮੀਆਂ ਵਿਚ ਫ਼ਰਸ਼ ਦੇ ਉੱਤੇ ਹਠਾਂ ਹੀ ਇਕ ਸਫ਼ 'ਤੇ ਪਏ ਰਹਿੰਦੇ। ਸਰਦੀਆਂ ਵਿਚ ਅੰਦਰ ਤਖ਼ਤਪੋਸ਼ 'ਤੇ ਬਿਰਾਜਦੇ ਸਨ। ਸੰਤ ਬਿਸ਼ਨ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਉਪਰੰਤ ਇਸ ਤਰ੍ਹਾਂ ਆਪ ਜੀ ਨੇ ਆਪਣੇ ਆਪ ਨੂੰ ਕਠਿਨ ਤਪੱਸਿਆ ਵਿਚ ਢਾਲਿਆ। ਆਪ ਜੀ ਕਿਸੇ ਬੀਬੀ ਨੂੰ ਆਪਣੇ ਪੈਰਾਂ 'ਤੇ ਮੱਥਾ ਨਹੀਂ ਸੀ ਟੇਕਣ ਦਿੰਦੇ, ਹੱਥ ਨਹੀਂ ਸੀ ਲਾਉਣ ਦਿੰਦੇ। ਨਾ ਹੀ ਕਿਸੇ ਬੀਬੀ ਨੂੰ ਕਮਰੇ ਅੰਦਰ ਆਉਣ ਦੀ ਆਗਿਆ ਸੀ। ਆਪ ਜੀ ਕਿਸੇ ਨਾਲ ਬਹੁਤ ਗੱਲਬਾਤ ਭੀ ਨਹੀਂ ਸਨ ਕਰਦੇ। ਆਪ ਜੀ ਉਸ ਸਮੇਂ ਬਹੁਤਾ ਅੰਤਰਮੁਖੀ ਬਿਰਤੀ ਵਿਚ ਰਹਿੰਦੇ ਸਨ।


## ਮਾਈ ਬਿਸ਼ਨ ਦੇਈ

ਇਹ ਮਾਤਾ ਮੁਰਾਲੇ ਪਿੰਡ ਦੀ ਹੀ ਸੀ, ਵਿਧਵਾ ਹੋ ਗਈ ਸੀ। ਵੱਡੇ ਮਹਾਂਪੁਰਖ ਬਾਬਾ ਬਿਸ਼ਨ ਸਿੰਘ ਜੀ ਦੇ ਵਕਤ ਹੀ ਡੇਰੇ ਆ ਗਈ ਸੀ। ਇਸ ਨੇ ਲੰਗਰ ਦੀ ਸਾਰੀ ਸੇਵਾ ਚੁੱਕੀ ਹੋਈ ਸੀ। ਪ੍ਰਸ਼ਾਦੇ ਪਕਾਉਣੇ, ਸਬਜ਼ੀ ਭਾਜੀ ਤਿਆਰ ਕਰਨੀ, ਦੁੱਧ ਦਾ ਸੰਭਾਲਣਾ, ਦੁੱਧ ਰਿੜਕਨਾ, ਸਵੇਰੇ ਸਾਧੂ ਸੰਤਾਂ ਨੂੰ ਮੱਖਣ ਲੱਸੀ ਦੇਣਾ, ਰਾਤ ਨੂੰ ਦੁੱਧ ਭੀ ਸਾਧੂ ਸੰਤਾਂ ਨੂੰ ਦੇਣਾ, ਉਹ ਬਹੁਤ ਭਜਨੀਕ ਸੀ। ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਇਕ ਤਰ੍ਹਾਂ ਪੁੱਤਰ ਹੀ ਸਮਝਦੀ ਸੀ। ਜੇਕਰ ਕੋਈ ਚੀਜ਼ ਆਪ ਜੀ ਨੂੰ ਖਾਣ ਵਾਸਤੇ ਮਾਤਾ ਦੇਵੇ ਤਾਂ ਆਪ ਖਾਣ ਤੋਂ ਇਨਕਾਰ ਕਰਨ ਤਾਂ ਜਿਸ ਤਰ੍ਹਾਂ ਮਾਂ ਆਪਣੇ ਪੁੱਤਰ ਤਾੜ ਕੇ ਖੁਆਉਂਦੀ ਹੈ, ਇਸੇ ਤਰ੍ਹਾਂ ਮਾਤਾ ਬਿਸ਼ਨ ਦੇਈ ਭੀ ਮਹਾਂਪੁਰਖਾਂ ਨੂੰ ਤਾੜ ਕੇ ਖੁਆਉਂਦੀ ਸੀ। (ਦਾਸ ਨੇ ਮਾਤਾ ਬਿਸ਼ਨ ਦੇਈ ਦੇ ਦਰਸ਼ਨ ਕੀਤੇ ਹਨ। ਇਨ੍ਹਾਂ ਦਾ ਸਸਕਾਰ ਮਹਾਂਪੁਰਸ਼ਾਂ ਨੇ ਆਪਣੇ ਹੱਥੀਂ ਕੀਤਾ ਸੀ। ਅਖੰਡ ਪਾਠ ਰਖਵਾਇਆ, ਤੇ ਕੀਰਤਨ ਆਪ ਕੀਤਾ।)

ਮਾਤਾ ਬਿਸ਼ਨ ਦੇਈ ਦੇ ਪਿਛੋਂ ਮਾਈ ਕਰਮ ਦੇਈ ਨੇ ਕਈ ਸਾਲ ਲੰਗਰ ਦੀ ਸੇਵਾ ਕੀਤੀ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਸਾਵਣ ਦੀ ਸੰਗਰਾਂਦ ਅਤੇ ਜੁਲਾਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

**ਮੇਜਰ. ਐਨ.ਐਸ. ਮੁਲਤਾਨੀ,**
**ਵਾਇਸ ਪ੍ਰਧਾਨ ਅਤੇ ਜਨਰਲ ਸਕੱਤਰ**



ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ"

1. ਵਾਹਿਗੁਰੂ ਦੀ ਅਪਾਰ ਕਿਰਪਾ ਸਦਕੇ, ਮੇਜਰ ਨਿਰੰਜਨ ਸਿੰਘ ਮੁਲਤਾਨੀ, ਮੀਤ ਪ੍ਰਧਾਨ ਨੇ ਜਨਰਲ ਸਕੱਤਰ ਦਾ ਵਾਧੂ ਪਦ ਭਾਰ 24 ਜੂਨ ਨੂੰ ਸੰਭਾਲ ਲਿਆ ਸੀ। ਉਨ੍ਹਾਂ ਨੇ ਇਸ ਲਈ ਇੰਜ: ਹਰਭਜਨ ਸਿੰਘ, ਪ੍ਰਧਾਨ ਦਾ ਆਭਾਰ ਪ੍ਰਗਟ ਕੀਤਾ ਕਿ ਉਨ੍ਹਾਂ ਨੂੰ ਜਨਰਲ ਸਕੱਤਰ ਦਾ ਵਾਧੂ ਪਦ ਭਾਰ ਲਈ ਯੋਗ ਪਾਇਆ ਹੈ। ਉਨ੍ਹਾਂ ਨੇ ਇਹ ਦ੍ਰਿੜ ਨਿਸ਼ਚਾ ਕੀਤਾ ਹੈ ਕਿ ਉਹ ਪੂਰੀ ਮਿਹਨਤ ਅਤੇ ਸ਼ਰਧਾ ਨਾਲ ਇਹ ਸੇਵਾ ਨਿਭਾਉਣਗੇ ਅਤੇ ਕਿਸੇ ਪ੍ਰਕਾਰ ਦੇ ਵਿਵਾਦ ਵਿਚ ਨਹੀਂ ਪੈਣਗੇ। ਇਸ ਲਈ ਉਹ ਇਹ ਉਮੀਦ ਕਰਦੇ ਹਨ ਕਿ ਆਪ ਸਭ ਮੈਂਬਰ ਵੀ ਮਿਲ -ਜੁਲ ਕੇ ਆਪਦਾ ਸਹਿਯੋਗ ਦਿਉ ਤਾਂਕਿ ਫਾਊਂਡੇਸ਼ਨ ਦੀ ਬਿਹਤਰੀ ਲਈ ਕੰਮ ਕੀਤਾ ਜਾ ਸਕੇ।

2. ਜੁਲਾਈ ਮਹੀਨੇ ਦੌਰਾਨ ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ, ਜੋ ਕਿ ਵਿੱਤ ਸਕੱਤਰ ਵੱਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਅਨੁਸਾਰ ਹੈ।

ਜੁਲਾਈ ਮਹੀਨੇ ਦੌਰਾਨ ਇਸ ਸੰਸਥਾ ਨੂੰ ਕੁੱਲ 363393.49 ਰੁਪਏ ਦੀ ਆਮਦਨ ਹੋਈ ਅਤੇ 371607.60 ਰੁਪਏ, ਦਾ ਵੱਖ-ਵੱਖ ਮੱਦਾਂ ਅਧੀਨ ਖਰਚਾ ਹੋਇਆ।

**ਮੇਨ ਆਡੀਟੋਰੀਅਮ ਦੀ ਮੁਰੰਮਤ ਅਤੇ ਨਵੀਨੀਕਰਨ ਦੇ ਪ੍ਰੋਜੈਕਟ ਸਬੰਧੀ ਰਿਪੋਰਟ:-**

3. ਜਿਸ ਤਰ੍ਹਾਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ, ਪਹਿਲੇ ਪੜਾਅ ਦਾ ਕੰਮ ਮੁਕੰਮਲ ਤੌਰ ਤੇ ਪੂਰਾ ਹੋ ਚੁੱਕਿਆ ਹੈ ਅਤੇ ਮੇਨ ਆਡੀਟੋਰੀਅਮ ਦੀ ਬੁਕਿੰਗ ਕੀਤੀ ਜਾ ਰਹੀ ਹੈ। ਉਮੀਦ ਕਰਦੇ ਹਾਂ ਕਿ ਬੁਕਿੰਗ ਵਿੱਚ ਜਲਦੀ ਵਾਧਾ ਹੋਵੇਗਾ ਤਾਂ ਕਿ ਫਾਊਂਡੇਸ਼ਨ ਦੀ ਵਿੱਤੀ ਹਾਲਾਤ ਵਿੱਚ ਸੁਧਾਰ ਹੋ ਸਕੇ।

4. ਦੂਜੇ ਪੜਾਅ ਦੇ ਕੰਮ ਬਾਰੇ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਚਰਚਾ ਹੋਈ ਅਤੇ ਸੀਨੀਅਰ ਮੀਤ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਵੱਲੋਂ ਦੱਸਿਆ ਗਿਆ ਕਿ ਫੰਡਾਂ ਦੀ ਕਮੀ ਹੋਣ ਕਰਕੇ ਦੂਜੇ ਪੜਾਅ ਦਾ ਕੰਮ ਅਜੇ ਸ਼ੁਰੂ ਨਹੀਂ ਹੋ ਸਕਿਆ। ਜਿਸ ਵਿੱਚ ਖਾਸ ਤੌਰ ਤੇ ਮੇਨ ਆਡੀਟੋਰੀਅਮ ਦੇ ਸਾਊਂਡ ਪਰੂਫ, ਏਅਰ ਟਾਈਟ ਦਰਵਾਜ਼ੇ ਲਗਾਉਣਾ ਤੇ ਜੋ ਹਵਾ ਦੇ ਬਾਹਰ ਜਾਣ ਦੇ ਰਸਤੇ, ਸੀਲਿੰਗ ਤੇ ਸਾਈਡ ਗੈਲਰੀ, ਸਟੇਜ ਤੇ ਹਵਾ ਜਾਣ ਦੇ ਰਸਤਿਆਂ ਨੂੰ ਬੰਦ

ਕਰਨਾ ਅਤੇ ਸਟੇਜ਼ ਦੀ ਪੌੜੀਆਂ ਅਤੇ ਹੋਰ ਛੋਟਾ ਮੋਟਾ ਕੰਮ ਨਾਲ ਲਗਦਾ ਕਰਵਾਨਾ ਹੈ। ਜਿਸ ਦੀ ਫੰਡਾਂ ਦੀ 10 ਲੱਖ ਰੁਪਏ ਦੀ ਪ੍ਰਵਾਨਗੀ ਕਾਰਜਕਾਰੀ ਕਮੇਟੀ ਵੱਲੋਂ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਸਮੇਂ ਅਤੇ ਫੰਡਾਂ ਨੂੰ ਦੇਖਦੇ ਹੋਏ ਸਬ ਕਮੇਟੀ ਵੱਲੋਂ ਕਿਹਾ ਗਿਆ ਕਿ ਇਹ ਕੰਮ ਹਿੱਸਿਆਂ ਵਿੱਚ ਕੀਤਾ ਜਾਵੇਗਾ। ਜਿਸ ਵਿੱਚ ਦਰਵਾਜ਼ਿਆਂ ਦੇ ਕੰਮ ਨੂੰ ਅਮਲੀ ਰੂਪ ਦਿੱਤਾ ਜਾਵੇਗਾ ਅਤੇ ਫੰਡ ਹੋਣ ਤੇ ਲਗਾਤਾਰ ਕੰਮ ਚਾਲੂ ਕੀਤੇ ਜਾਣਗੇ। ਇਸ ਤੇ ਵਰਕਿੰਗ ਕਮੇਟੀ ਦੇ ਮੈਂਬਰ ਸਾਹਿਬਾਨ ਨੇ ਸੰਤੁਸ਼ਟੀ ਜਾਹਿਰ ਕਰਦੇ ਹੋਏ ਅੱਗੇ ਕੰਮ ਨੂੰ ਕਰਨ ਲਈ ਕਿਹਾ। ਸਟੇਜ਼ 2 ਦਾ ਕੰਮ ਪੂਰਾ ਹੋਣ ਉਪਰੰਤ ਸਟੇਜ਼ 3 ਦਾ ਕੰਮ ਜਿਸ ਵਿੱਚ ਏ.ਸੀ. ਪਲਾਂਟ ਦੀ ਸਮਰੱਥਾ ਵਧਾਉਣ ਬਾਰੇ ਘੋਖ ਕੀਤੀ ਜਾਵੇਗੀ ਅਤੇ ਐਕਸਪਰਟ ਦੀ ਰਾਏ ਲਈ ਜਾਵੇਗੀ। ਮੈਂਬਰਾਂ ਵੱਲੋਂ ਕਿਹਾ ਗਿਆ ਕਿ ਜੇਕਰ ਕਿ ਜੇਕਰ ਅੱਗੇ ਵਾਧੂ ਪਲਾਂਟ ਲਵਾਉਣਾ ਪਵੇ ਤਾਂ ਉਸ ਦਾ ਡਕਟਿੰਗ ਸਿਸਟਮ ਭਾਵੇਂ ਵੱਖਰਾ ਹੋਵੇ ਪ੍ਰੰਤੂ ਕੰਟਰੋਲ ਸਾਰੇ ਹਾਲ ਵਿਚ ਪ੍ਰਭਾਵੀ ਹੋਣਾ ਚਾਹੀਦਾ ਹੈ, ਜਿਸ ਵਾਸਤੇ ਪਹਿਲੀਆਂ ਲੱਗੀਆਂ ਡਕਟਿੰਗ ਜੋੜ ਕੇ ਇਸ ਦੀ ਸਹੀ ਸੈਟਿੰਗ ਕੀਤੀ ਜਾਵੇਗੀ।

5. ਤੀਸਰੇ ਪੜਾਅ ਵਿੱਚ ਨਵੇਂ ਏ.ਸੀ. ਪਲਾਂਟ ਲਾਉਣ ਲਈ ਸਾਨੂੰ ਕੁਝ ਇੰਤਜ਼ਾਰ ਕਰਨ ਪਵੇਗਾ, ਕਿਉਂਕਿ ਦੂਜੇ ਪੜਾਅ ਦਾ ਕੰਮ ਪੂਰਾ ਹੋਣ ਤੇ ਹੀ ਇਸ ਕੰਮ ਵੱਲ ਕਦਮ ਉਠਾਏ ਜਾਣਗੇ।

6. **ਐਜੂਕੇਸ਼ਨ ਪਾਲਿਸੀ, ਐਜੂਕੇਸ਼ਨ ਪ੍ਰਮੋਸ਼ਨ ਅਤੇ ਸਕਾਲਰਸ਼ਿਪ ਕਮੇਟੀ ਵੱਲੋਂ** :- ਕਮੇਟੀ ਵੱਲੋਂ ਸਟੂਡੈਂਟਸ ਦੀ ਕੋਚਿੰਗ ਅਤੇ ਟਰੇਨਿੰਗ ਲਈ ਡਰਾਫਟ ਪਾਲਿਸੀ ਪ੍ਰਾਪਤ ਹੋ ਚੁੱਕੀ ਹੈ, ਜਿਸ ਦੀ ਪ੍ਰਤੀ ਲਿਪੀ ਅੰਗਰੇਜ਼ੀ ਵਿੱਚ ਜੂਨ ਮਹੀਨੇ ਦੇ ਲੁਬਾਣਾ ਸੇਵਕ ਵਿੱਚ ਪ੍ਰਕਾਸ਼ਿਤ ਕਰ ਦਿੱਤੀ ਗਈ ਸੀ। ਇਸੇ ਪਾਲਿਸੀ ਦੀ ਪ੍ਰਤੀਲਿਪੀ ਪੰਜਾਬੀ ਦੇ ਵਿੱਚ ਅਗਸਤ ਵਿੱਚ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਉਸ ਨੂੰ ਪੂਰੀ ਤਰ੍ਹਾਂ ਪੜ੍ਹ ਕੇ ਸੋਚ ਵਿਚਾਰ ਕਰਕੇ ਆਪਦੇ ਸੁਝਾਅ ਦਿਉ ਤਾਂ ਕਿ ਇਸ ਪਾਲਿਸੀ ਨੂੰ ਸੋਧ ਕਰਕੇ ਹੋਰ ਵੀ ਵਧੀਆ ਬਣਾਇਆ ਜਾ ਸਕੇ।

7. **ਵਿਦਿਆਰਥੀਆਂ ਨੂੰ ਵਜੀਫੇ ਦੇਣ ਬਾਰੇ** :- ਵਿਦਿਆਰਥੀਆਂ ਨੂੰ ਵਜੀਫੇ ਦੇਣ ਲਈ ਅਕੈਡਮਿਕ ਸਾਲ 2021-2022 ਦੀ ਪਾਲਸੀ ਅਤੇ ਐਪਲੀਕੇਸ਼ਨ ਫਾਰਮ ਜੁਲਾਈ 2022 ਦੇ ਲੁਬਾਣਾ ਸੇਵਕ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕਰ ਦਿੱਤੀ ਗਈ ਸੀ। ਇਹ ਪਾਲਸੀ ਅਤੇ ਐਪਲੀਕੇਸ਼ਨ ਫਾਰਮ ਇਸ ਮਹੀਨੇ ਦੇ ਅਗਸਤ ਦੇ ਅੰਕ ਲੁਬਾਣਾ ਸੇਵਕ ਵਿੱਚ ਦੁਬਾਰਾ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ ਤਾਂ ਕਿ ਹੋਰ ਬਹੁਤ ਸਾਰਿਆਂ ਮੈਂਬਰਾਂ ਨੂੰ ਪਤਾ ਚਲ ਸਕੇ। ਬੇਨਤੀ ਕੀਤੀ ਜਾਂਦੀ ਹੈ ਕਿ ਸਾਰੇ ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ, ਅਤੇ ਰਿਜ਼ਨਲ ਪ੍ਰਧਾਨ ਜ਼ਰੂਰਤਮੰਦ ਅਤੇ ਗਰੀਬ ਬੱਚਿਆਂ ਦੇ ਫਾਰਮ ਭਰਵਾ ਕੇ ਫਾਉਂਡੇਸ਼ਨ ਵਿਚ 20 ਸਤੰਬਰ 2022 ਤੱਕ ਭੇਜਣ ਤਾ ਕਿ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

8. **ਸਾਉਣ ਮਹੀਨੇ ਦੀ ਸੰਗਰਾਂਦ** :- ਸਾਉਣ ਮਹੀਨੇ ਦੀ ਸੰਗਰਾਂਦ 16 ਜੁਲਾਈ 2022 ਨੂੰ ਭਵਨ ਵਿਚ ਮਨਾਈ ਗਈ ਅਤੇ ਸਾਡੇ ਬਹੁਤ ਸਾਰੇ ਅਹੁਦੇਦਾਰ ਤੇ ਮੈਂਬਰਾਂ ਨੇ ਦਾਨ ਦੇ ਕੇ ਆਪਦਾ ਯੋਗਦਾਨ ਪਾਇਆ। ਸਰਦਾਰ ਗੁਰਚਰਨ ਸਿੰਘ, ਸੀਨੀਅਰ ਮੀਤ ਪ੍ਰਧਾਨ, (ਹੈਡਕੁਆਟਰ) ਵੱਲੋਂ ਸੰਗਤ ਨੂੰ ਬੇਨਤੀ ਕੀਤੀ ਗਈ ਕੇ ਮੋਹਾਲੀ ਅਤੇ ਚੰਡੀਗੜ੍ਹ ਦੇ ਮੈਂਬਰਾਂ ਨੂੰ ਸੰਗਰਾਂਦ ਵਿਚ ਹਾਜ਼ਰੀ ਭਰਨੀ ਚਾਹੀਦੀ ਹੈ ਤਾਂ ਕਿ ਗੁਰੂ ਘਰ ਦੀ ਰੌਣਕ ਵਿੱਚ ਹੋਰ ਵੀ ਵਾਧਾ ਹੋ ਸਕੇ।

9. **ਫਾਇਰ ਫਾਈਟਿੰਗ ਦੀ ਐਨ.ਓ.ਸੀ. ਬਾਰੇ** :- ਜਨਰਲ ਸਕੱਤਰ ਮੇਜਰ ਨਿਰੰਜਨ ਸਿੰਘ ਮੁਲਤਾਨੀ (ਰਿਟਾ.), ਅਤੇ ਸਰਦਾਰ ਗੁਰਚਰਨ ਸਿੰਘ, ਸੀਨੀਅਰ ਮੀਤ ਪ੍ਰਧਾਨ, (ਹੈਡਕੁਆਟਰ) ਦੀ ਮਿਹਨਤ ਸਦਕਾ ਫਾਇਰ ਫਾਇਟਿੰਗ ਦੀ ਐਨ.ਓ.ਸੀ. ਲਈ ਐਨਲਾਈਨ ਅਪਲਾਈ ਕਰ ਦਿੱਤਾ ਗਿਆ ਹੈ ਅਤੇ ਲੋੜੀਂਦੀ ਫੀਸ ਵੀ ਭਰ ਦਿੱਤੀ ਗਈ ਹੈ। ਫਾਇਰ ਫਾਇਟਿੰਗ ਮਹਿਕਮੇ ਵੱਲੋਂ ਫਾਊਂਡੇਸ਼ਨ ਦੀ ਇਨਸਪੈਕਸ਼ਨ ਵੀ ਕੀਤੀ ਜਾ ਚੁੱਕੀ ਹੈ। ਫਾਇਰ ਫਾਇਟਿੰਗ ਮਹਿਕਮੇ ਨੇ ਛੋਟੀਆਂ-ਮੋਟੀਆਂ ਕਮੀਆਂ ਬਾਰੇ ਦੱਸਿਆ ਹੈ ਜੋ ਕਿ ਜਲਦੀ ਹੀ ਠੀਕ ਕਰਵਾ ਦਿੱਤੀਆਂ ਜਾਣਗੀਆਂ ਤਾਂ ਕਿ ਐਨ.ਓ.ਸੀ. ਜਲਦੀ ਮਿਲ ਸਕੇ।

10. **ਲੁਬਾਣਾ ਸੇਵਕ ਮੈਗਜ਼ੀਨ 2014 ਤੋਂ ਅਪ੍ਰੈਲ 2022 ਤੱਕ ਦੇ ਸਾਰੇ ਅੰਕਾਂ ਨੂੰ ਫਾਊਂਡੇਸ਼ਨ ਦੀ ਵੈਬਸਾਇਟ ਤੇ ਅਪਲੋਡ ਕਰਨਾ** :- ਦੇਸ਼ ਅਤੇ ਵਿਦੇਸ਼ ਵਿੱਚ ਸਾਰੇ ਮੈਂਬਰਾਂ ਦੀ ਮੁੱਖ ਮੰਗ ਨੂੰ ਮੁੱਖ ਰੱਖਦਿਆਂ ਹੋਇਆ, ਸੰਸਥਾ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ "ਲੁਬਾਣਾ ਸੇਵਕ ਮੈਗਜ਼ੀਨ " ਦੇ ਜੁਲਾਈ 2014 ਤੋਂ ਜੁਲਾਈ 2022 ਤੱਕ ਦੇ ਸਾਰੇ ਅੰਕਾਂ ਨੂੰ ਫਾਊਂਡੇਸ਼ਨ ਦੀ ਵੈਬਸਾਇਟ 'ਤੇ ਅਪਲੋਡ ਕਰ ਦਿੱਤਾ ਗਿਆ ਹੈ। ਸਾਰੇ ਮੈਂਬਰ ਸਾਹਿਬਾਨ ਇਨ੍ਹਾਂ ਅੰਕਾਂ ਨੂੰ ਇਸ ਵੈਬਸਾਇਟ ਤੋਂ ਲੋੜ ਅਨੁਸਾਰ ਡਾਊਨਲੋਡ ਕਰਕੇ ਪੜ੍ਹ ਸਕਦੇ ਹਨ।

11. **ਫਾਊਂਡੇਸ਼ਨ ਵਿੱਚ ਬੈਠੇ ਐਨ.ਆਰ.ਆਈ. ਮੈਂਬਰ ਸਾਹਬਿਬਾਨਾਂ ਵੱਲੋਂ ਫਾਊਂਡੇਸ਼ਨ ਦੀਆਂ ਗਤਿਵਿਧੀਆਂ ਵਿੱਚ ਹਿੱਸਾ ਲੈਣ ਲਈ, ਅਤੇ ਵਿਦੇਸ਼ਾਂ ਵਿੱਚ ਸਬ-ਕਮੇਟੀਆਂ ਦਾ ਗਠਨ ਕਰਨ ਬਾਰੇ** :- ਸੰਸਥਾ ਵੱਲੋਂ ਹੁਣ ਤੱਕ ਵਿੱਦਿਆ ਦੇ ਖੇਤਰ ਵਿੱਚ ਕੇਵਲ, ਮੈਰਿਟ-ਕਮ-ਮੀਨਜ਼ ਅਧਾਰ ਤੇ ਵਜ਼ੀਫੇ ਦੇਣ ਦੇ ਕੰਮ ਤੱਕ ਹੀ ਸੀਮਤ ਰਿਹਾ ਹੈ। ਸੋ ਬਰਾਦਰੀ ਦੇ ਪਿੰਡਾਂ ਵਿੱਚ ਵਿੱਦਿਆ ਨੂੰ ਜ਼ਮੀਨੀ ਸਤਾ ਤੋਂ ਲੈ ਕੇ ਬੱਚਿਆਂ ਨੂੰ ਟਿਊਸ਼ਨ ਵਰਕ, ਕੋਚਿੰਗ ਅਤੇ ਟਰੇਨਿੰਗ ਆਦਿ ਦੀ ਸਿੱਖਿਆ ਦੇਣ ਦੀ ਜ਼ਰੂਰਤ ਹੈ ਜੋ ਸੰਸਥਾ ਵੱਲੋਂ ਬਣਾਈ ਜਾ ਰਹੀ ਸਿੱਖਿਆ ਨੀਤੀ ਅਨੁਸਾਰ ਲਾਗੂ ਕੀਤੀ ਜਾਵੇਗੀ। ਇਸ ਕੰਮ ਲਈ ਅਗਲੇ ਦੋ ਸਾਲਾਂ ਵਿੱਚ ਲਗਭਗ ਇੱਕ ਕਰੋੜ ਰੁਪਏ ਦੀ ਲਾਗਤ ਆਵੇਗੀ ਜਿਸ ਲਈ ਬਰਾਦਰੀ ਦੇ ਮੈਂਬਰਾਂ ਅਤੇ ਦੇਸ਼ਾਂ-ਵਿਦੇਸ਼ਾਂ ਵਿੱਚ ਕੰਮ ਕਰ ਰਹੇ ਬਰਾਦਰੀ ਦੇ ਸੱਜਣਾਂ ਨੂੰ ਸੰਸਥਾ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਵਿੱਦਿਆ ਦੇ ਪਸਾਰ ਲਈ ਬਣਾਏ ਜਾ ਰਹੇ ਪ੍ਰੋਜੈਕਟ ਦੀ ਪੂਰਤੀ ਲਈ ਵੱਧ ਚੜ੍ਹ ਕੇ ਆਪਣੀ ਸਮਰੱਥਾ ਅਨੁਸਾਰ ਦਾਨ ਦੇਣ ਦੀ ਖੇਚਲ ਕਰਨ।

ਮਿਤੀ 24.05.2022 ਨੂੰ ਵਰਕਿੰਗ ਕਮੇਟੀ ਦੀ ਹੋਈ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਸੰਸਥਾ ਦੇ ਅਹੁਦੇਦਾਰ, ਬਰਾਦਰੀ ਦੇ ਸੂਝਵਾਨ ਅਤੇ ਪਤਵੰਤੇ ਸੱਜਨਾਂ ਨੂੰ ਦਾਨ ਦੇਣ ਲਈ ਬੇਨਤੀ ਕਰਨ ਲਈ ਆਉਣ ਵਾਲੇ ਸਮੇਂ ਵਿੱਚ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਦਾ ਦੌਰਾ ਕਰਨਗੇ।

ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

# ਸਿੱਖਿਆ ਸੁਧਾਰ ਅਤੇ ਵਜ਼ੀਫ਼ਾ ਨੀਤੀ ਸੰਬੰਧੀ ਸੁਝਾਅ



**ਨਰਿੰਦਰ ਸਿੰਘ ਰਿਟਾ. ਪੀ.ਈ.ਐਸ.**

ਲੁਬਾਣਾ ਬਰਾਦਰੀ ਦੇ ਸਮਾਜਿਕ-ਆਰਥਿਕ ਵਿਕਾਸ ਦੇ ਮਿਆਰ ਵਿਚ ਬਿਹਤਰੀ ਦੇ ਟੀਚੇ ਨੂੰ ਮੁੱਖ ਰੱਖਦਿਆਂ ਲੁਬਾਣਾ ਬਰਾਦਰੀ ਦੇ ਦੂਰ-ਦ੍ਰਿਸ਼ਟਤਾ, ਉੱਦਮੀ, ਸਮਾਜ-ਸੇਵੀ ਪਤਵੰਤਿਆਂ ਵੱਲੋਂ ਇਸ ਸੰਸਥਾ ਦਾ ਮੁੱਢ ਬੰਨ੍ਹਿਆ ਗਿਆ ਅਤੇ 27 ਅਪਰੈਲ 1975 ਨੂੰ ਬਹੁ-ਪੱਖੀ ਟੀਚਿਆਂ ਦੀ ਪ੍ਰਾਪਤੀ ਲਈ ਚੰਡੀਗੜ੍ਹ ਵਿਖੇ 'ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ, ਰਜਿ.' ਦੀ ਸਥਾਪਨਾ ਕੀਤੀ ਗਈ। ਖਿੱਤੇ ਦੇ ਸਮੂਹ ਸਮਾਜ ਅਤੇ ਵਿਸ਼ੇਸ਼ਕਰ ਲੁਬਾਣਾ ਬਰਾਦਰੀ ਦੇ ਸਮਾਜਿਕ-ਆਰਥਿਕ ਵਿਕਾਸ ਲਈ ਸਥਾਪਿਤ ਸੰਵਿਧਾਨ ਦੀ ਸੇਧ ਹੇਠ ਨਿਮਨਲਿਖਤ ਟੀਚੇ ਨਿਰਧਾਰਿਤ ਕੀਤੇ ਗਏ :

1) ਲੁਬਾਣਾ ਬਰਾਦਰੀ ਦੇ ਪੇਂਡੂ ਖੇਤਰਾਂ ਦੇ ਆਰਥਿਕ ਪੱਖੋਂ ਪੱਛੜੇ ਪਰਿਵਾਰਾਂ ਦੇ ਬੁੱਧੀਮਾਨ ਵਿਦਿਆਰਥੀਆਂ ਦੀ ਸ਼ਨਾਖ਼ਤ ਕਰਨ ਉਪਰੰਤ ਆਈ.ਆਈ.ਟੀ., ਐਨ.ਆਈ.ਟੀ., ਪੰਜਾਬ ਇੰਜਨੀਅਰਿੰਗ ਕਾਲਜ ਅਤੇ ਹੋਰ ਕਿੱਤਾਵਾਰਾਨਾ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਲੁੜੀਂਦੀ ਵਿੱਤੀ ਸਹਾਇਤਾ ਉਪਲਬਧ ਕਰਵਾਉਣਾ;

2) ਪਾਤਰ ਵਿਦਿਆਰਥੀਆਂ/ਵਿਦਿਆਰਥਣਾਂ ਨੂੰ ਨਾਮਵਰ ਇੰਜੀਨੀਅਰਿੰਗ/ਮੈਡੀਕਲ ਸੰਸਥਾਵਾਂ ਵਿੱਚ ਦਾਖ਼ਲੇ ਲਈ ਅਗਵਾਈ ਦੇਣਾ;

3) 'ਫ਼ਾਊਂਡੇਸ਼ਨ' ਵੱਲੋਂ ਉਕਤ ਪੈਰਾ 1 ਅਤੇ 2 ਅਨੁਸਾਰ ਅਗਵਾਈ ਅਤੇ ਵਿੱਤੀ ਸਹਾਇਤਾ ਪ੍ਰਾਪਤ ਬੱਚਿਆਂ ਨੂੰ ਉਹਨਾਂ ਦੀ ਵਿੱਦਿਅਕ-ਯੋਗਤਾ ਨਾਲ਼ ਸੰਬੰਧਿਤ ਨੌਕਰੀ/ਸਵੈ-ਰੋਜ਼ਗਾਰ ਪ੍ਰਾਪਤੀ ਲਈ ਟਰੇਨਿੰਗ ਉਪਲਬਧ ਕਰਵਾਉਣਾ;

4) ਅੰਤਿਮ ਫ਼ੋਕਸ 'ਫ਼ਾਊਂਡੇਸ਼ਨ' ਨਾਲ਼ ਜੁੜੀ ਨੌਜਵਾਨ ਪੀੜ੍ਹੀ ਦੀ ਵਿੱਦਿਅਕ-ਅਕਾਦਮਿਕ ਉੱਤਮਤਾ ਦੀ ਪ੍ਰਾਪਤੀ।

ਬੇਸ਼ੱਕ ਫ਼ਾਊਂਡੇਸ਼ਨ ਦੇ ਸੰਵਿਧਾਨ ਅਧੀਨ ਨਿਰਧਾਰਿਤ ਟੀਚਿਆਂ ਦੀ ਪ੍ਰਾਪਤੀ ਲਈ ਸ਼ਨਾਖ਼ਤ ਕੀਤੇ ਜਾਣ ਵਾਲੇ ਪਾਤਰ ਬੱਚਿਆਂ ਦਾ ਮੁੱਢਲੀ ਸਿੱਖਿਆ ਤੋਂ ਹੀ ਸਮਰੱਥ ਹੋਣਾ ਲਾਜ਼ਮੀ ਹੈ, ਪਰ ਸੂਬੇ ਵਿੱਚ ਸਮਕਾਲੀ ਮੁੱਢਲੀ ਸਿੱਖਿਆ ਦਾ ਮਿਆਰ ਉਪਰੋਕਤ ਟੀਚਿਆਂ ਦੀ ਪ੍ਰਾਪਤੀ ਲਈ ਸ਼ਨਾਖ਼ਤ ਕੀਤੇ ਜਾਣ ਵਾਲ਼ੇ ਵਿਦਿਆਰਥੀ-ਵਿਦਿਆਰਥਣਾਂ ਉਪਲਬਧ ਕਰਵਾਉਣ ਵਿੱਚ ਸਮਰੱਥ ਨਹੀਂ ਜਾਪਦਾ। ਸਿੱਖਿਆ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਕੁਝ ਐਨ.ਜੀ.ਓਜ਼. ਦੀ ਰਿਪੋਰਟ ਅਤੇ ਸਰਕਾਰੀ ਸਕੂਲਾਂ ਵਿੱਚ ਕਾਰਜਸ਼ੀਲ ਅਧਿਆਪਕਾਂ ਦੀ ਫ਼ੀਡ-ਬੈਕ ਇਸ ਕਥਨ ਤੇ ਸਹੀ ਪਾਉਂਦੀ ਹੈ।

ਪੰਜਾਬ ਰਾਜ ਦੇ 23 ਜ਼ਿਲਿਆਂ ਦੇ 12793 ਪਿੰਡਾਂ ਵਿੱਚ ਕੁੱਲ 19175 ਸਰਕਾਰੀ ਸਕੂਲ ਕਾਰਜਸ਼ੀਲ ਹਨ ਜਿੰਨ੍ਹਾਂ ਵਿੱਚੋਂ 12857 ਪ੍ਰਾਇਮਰੀ ਸਕੂਲ, 2658 ਮਿਡਲ ਸਕੂਲ, 1699 ਹਾਈ ਸਕੂਲ ਅਤੇ 1961 ਸੀਨੀਅਰ ਸੈਕੰਡਰੀ ਸਕੂਲ ਹਨ। ਇਸ ਪ੍ਰਕਾਰ ਪ੍ਰਾਇਮਰੀ ਸਕੂਲਾਂ ਦਾ ਅੱਪਰ-ਪ੍ਰਾਇਮਰੀ (ਮਿਡਲ, ਹਾਈ, ਸੀਨੀਅਰ ਸੈਕੰਡਰੀ) ਸਕੂਲਾਂ ਨਾਲ ਅਨੁਪਾਤ ਲਗਪਗ 2 : 1 ਬੈਠਦਾ ਹੈ। ਸੰਖੇਪ ਵਿੱਚ ਸੂਬੇ ਦੇ ਹਰ-ਇੱਕ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਉਪਲਬਧ ਹੈ। ਦੱਸਣਯੋਗ ਹੈ ਕਿ ਸਾਲ 1978 ਵਿੱਚ ਪੰਜਾਬ ਸਰਕਾਰ ਦੇ ਪ੍ਰਾਇਮਰੀ ਡਾਇਰੈਕਟੋਰੇਟ ਵੱਖ ਕਰਨ ਦੇ ਫ਼ੈਸਲੇ ਨੇ ਸੂਬੇ ਵਿੱਚ ਪ੍ਰਾਇਮਰੀ ਸਿੱਖਿਆ ਦੇ ਮਿਆਰ ਨੂੰ ਢਾਹ ਲਾਈ ਅਤੇ ਰਹਿੰਦੀ ਕਸਰ ਪੰਜਾਬ ਦੇ 80ਵਿਆਂ ਦੇ ਮੰਦਭਾਗੇ ਦਹਾਕੇ ਪੰਜਾਬ ਦੀ ਰਾਜਨੀਤਿਕ-ਸਮਾਜਿਕ ਬਦਹਾਲੀ ਨੇ ਪੂਰੀ ਕੀਤੀ ਕਿਉਂਕਿ ਉਸ ਦਹਾਕੇ ਦੌਰਾਨ ਸੂਬੇ ਦਾ ਸਿੱਖਿਆ ਖੇਤਰ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਪੂਰੀ ਤਰ੍ਹਾਂ ਅਣਗੌਲ਼ਿਆ ਰਿਹਾ।

ਸਿੱਖਿਆਰਥੀਆਂ, ਅਧਿਆਪਕਾਂ, ਮਾਪਿਆਂ ਤੋਂ ਲੈ ਕੇ ਸਿੱਖਿਆ-ਨੀਤੀ ਨਿਰਧਾਰਕਾਂ ਵਿਚਾਲੇ ਸੰਵਾਦਹੀਣਤਾ, ਵਿਚਾਰ-ਵਟਾਂਦਰੇ ਦੀ ਅਣਹੋਂਦ, ਵਿੱਦਿਆ-ਪ੍ਰਾਪਤੀਆਂ ਦੀ ਗੁਣਵੱਤਾ ਜਾਂਚਣ ਵਾਲ਼ੇ ਪ੍ਰਮਾਣਿਕ ਕਰਾਈਟੀਰੀਏ ਦੀ ਅਣਹੋਂਦ ਸਮਕਾਲੀ ਸਿੱਖਿਆ ਪ੍ਰਣਾਲੀ ਦਾ 'ਬਲੈਕ-ਹੋਲ' ਕਿਹਾ ਜਾ ਸਕਦਾ ਹੈ, ਜਿਸ ਦੀ ਅੰਤਮ-ਪ੍ਰਾਪਤੀ ਡਿਗਰੀ-ਧਾਰੀ ਪਰ ਅਣ-ਸਕਿੱਲਡ ਮਨੁਖੀ-ਸ੍ਰੋਤਾਂ ਦੀ ਭਰਮਾਰ ਹੈ। ਫ਼ਾਊਂਡੇਸ਼ਨ ਦੇ ਸਿੱਖਿਆ-ਮਾਹਿਰ ਇੱਕ ਮੱਤ ਹਨ ਕਿ ਵਰਤਮਾਨ ਸਿੱਖਿਆ ਪ੍ਰਣਾਲੀ ਸਾਰਥਕ ਨਤੀਜੇ ਪ੍ਰਦਾਨ ਕਰਨ ਵਿੱਚ ਅਸਮਰੱਥ ਹੈ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਸੂਬੇ ਦਾ ਸਮੁੱਚਾ ਸਿੱਖਿਆ ਤੰਤਰ ਸਮੱਗਰ ਸੁਧਾਰ ਦੀ ਮੰਗ ਕਰਦਾ ਹੈ, ਪਰ ਹਾਲ਼ ਦੀ ਘੜੀ 'ਫ਼ਾਊਂਡੇਸ਼ਨ ਵੱਲੋਂ 'ਲੁਬਾਣਾ ਬਰਾਦਰੀ' ਦੀ ਬਹੁ-ਗਿਣਤੀ ਵੱਸੋਂ ਵਾਲ਼ੇ ਚੁਣਿੰਦਾ ਇਲਾਕਿਆਂ ਵਿੱਚ ਹੀ ਸਿੱਖਿਆ ਸੁਧਾਰ ਪ੍ਰਤੀ ਧਿਆਨ ਦਿੱਤਾ ਜਾਣਾ ਵਿਵਹਾਰਿਕ ਬਣਦਾ ਹੈ। ਸਿੱਖਿਆ ਸੁਧਾਰ ਦੇ ਪਲੇਠੇ ਪ੍ਰਾਜੈਕਟ ਨੂੰ 'ਪਾਇਲਾਟ ਪ੍ਰੋਜੈਕਟ' ਵਜੋਂ ਅਰੰਭ ਕਰਨ ਲਈ ਕੁਝ ਖੇਤਰਾਂ ਦੀ ਨਿਸ਼ਾਨਦੇਹੀ ਕੀਤੀ ਜਾਣੀ ਹੈ। ਮਿਸਾਲ ਵਜੋਂ ਲੁਬਾਣਾ ਬਰਾਦਰੀ ਦੇ ਮਹਾਨ ਸਮਾਜ-ਸੁਧਾਰਕ 'ਸੰਤ ਪ੍ਰੇਮ ਸਿੰਘ ਜੀ' ਵੱਲੋਂ ਗੁਜਰਾਤ (ਪਾਕਿਸਤਾਨ) ਦੇ ਟਾਂਡਾ (ਮੋਟਾ) ਵਿਖੇ ਸ਼ੁਰੂ ਕੀਤੇ 'ਗੁਰੂ ਗੋਬਿੰਦ ਸਿੰਘ ਖ਼ਾਲਸਾ ਹਾਈ ਸਕੂਲ' ਦੀ ਤਰਜ਼ 'ਤੇ ਇਹ ਪਾਇਲੈਟ-ਪ੍ਰੋਜੈਕਟ ਸ਼ੁਰੂ ਕੀਤੇ ਜਾਣ ਦਾ ਪ੍ਰਸਤਾਵ ਹੈ। ਜ਼ਿਕਰਯੋਗ ਹੈ ਕਿ ਸੰਤ ਪ੍ਰੇਮ ਸਿੰਘ ਜੀ ਵੱਲੋਂ ਚਲਾਏ ਗਏ ਉਕਤ ਸਕੂਲ ਨੇ ਉਹਨੀਂ ਦਿਨੀਂ ਲੁਬਾਣਾ ਬਰਾਦਰੀ ਦੇ ਸਕੂਲੀ ਉਮਰ ਦੇ ਬੱਚਿਆਂ ਦੇ ਸਿੱਖਿਆ ਦੇ ਮਿਆਰ ਵਿੱਚ ਗੁਣਾਤਮਿਕ ਪਰਿਵਰਤਨ ਲਿਆਉਣ ਦਾ ਰਾਹ ਪੱਧਰਾ ਕੀਤਾ ਸੀ। ਇਸ ਸਕੂਲ ਦੇ ਕਾਰਜ ਨੂੰ ਸਫ਼ਲ ਬਣਾਉਣ ਲਈ ਲੁਬਾਣਾ ਬਰਾਦਰੀ ਦੇ ਸਮਕਾਲੀ ਪਤਵੰਤਿਆਂ ਅਤੇ ਆਮ ਲੋਕਾਂ ਨੇ ਵੱਧ-ਚੜ੍ਹ ਕੇ ਵਿੱਤੀ ਯੋਗਦਾਨ ਪਾਇਆ ਸੀ। 'ਫ਼ਾਊਂਡੇਸ਼ਨ' ਲੁਬਾਣਾ ਬਰਾਦਰੀ ਦੇ ਵਰਤਮਾਨ ਪ੍ਰਤੀਨਿਧੀਆਂ ਤੋਂ ਇਸ ਪਾਇਲਾਟ ਪ੍ਰਾਜੈਕਟ ਨੂੰ ਨੇਪਰੇ ਚੜ੍ਹਾਉਣ ਲਈ ਅਜਿਹੀ ਹੀ ਪਹਿਲਕਦਮੀ ਪ੍ਰਤੀ ਆਸਵੰਦ ਹੈ।

ਅੱਗੇ ਦਰਸਾਏ ਕੁਝ ਸੁਝਾਅ 'ਫ਼ਾਊਂਡੇਸ਼ਨ' ਦੇ ਸੰਵਿਧਾਨ ਅਧੀਨ ਉਲੀਕੇ ਗਏ ਟੀਚਿਆਂ ਦੀ ਪ੍ਰਾਪਤੀ ਲਈ ਯੋਗਦਾਨ ਪਾਉਣ ਵਿੱਚ ਸਾਰਥਕ ਸਿੱਧ ਹੋ ਸਕਦੇ ਹਨ;

1) **ਹੋਮ-ਵਰਕ ਟਿਊਸ਼ਨ ਸੈਂਟਰਾਂ ਦੀ ਸਥਾਪਨਾ (ਪਹਿਲੀ ਤੋਂ ਅਠਵੀਂ ਜਮਾਤ)** - ਪੰਜਾਬ ਰਾਜ ਵਿੱਚ ਮੁੱਢਲੀ ਸਿੱਖਿਆ ਵਿੱਚ ਆਏ ਨਿਘਾਰ ਨੂੰ ਧਿਆਨ ਵਿੱਚ ਰੱਖਦਿਆਂ ਇਸ ਖਿੱਤੇ ਵਿੱਚ ਕੁਝ ਨਵੀਂ ਪਹਿਲ ਕੀਤੀ ਜਾਣੀ ਸਮੇਂ ਦੀ ਮੰਗ ਹੈ। 'ਫ਼ਾਊਂਡੇਸ਼ਨ ਅਧੀਨ ਹਰ ਪਿੰਡ/ਕਲਸਟਰ ਵਿੱਚ ਹੋਮ-ਵਰਕ ਟਿਊਸ਼ਨ ਸੈਂਟਰ ਸਥਾਪਿਤ ਕੀਤੇ ਜਾਣ ਨਾਲ਼ ਮੁੱਢਲੀ ਸਿੱਖਿਆ ਦਾ ਮਿਆਰ ਸੁਧਾਰਿਆ ਜਾ ਸਕਦਾ ਹੈ। ਪ੍ਰਸਤਾਵ ਅਧੀਨ ਹੋਮ-ਵਰਕ ਟਿਊਸ਼ਨ ਸੈਂਟਰ ਆਪਣੇ ਕਾਰਜ-ਖੇਤਰ ਦੇ ਸਕੂਲੀ ਬੱਚਿਆਂ ਦੇ ਸਕੂਲੋਂ ਮਿਲੇ' ਘਰ ਦੇ ਕੰਮ ਵਿੱਚ ਮਦਦ/ਅਗਵਾਈ ਦੇ ਕੇ ਪੇਂਡੂ ਸਕੂਲਾਂ ਦੇ ਅਣਗੌਲ਼ੇ ਬੱਚਿਆਂ ਦੇ ਮੁੱਢਲੀ ਸਿੱਖਿਆ ਦੇ ਮਿਆਰ ਵਿੱਚ ਗੁਣਾਤਮਕ ਪਰਿਵਰਤਨ ਲਿਆਉਣ ਵਿੱਚ ਸਹਾਈ ਸਿੱਧ ਹੋ ਸਕਣਗੇ।

ਇਹ ਸੈਂਟਰ ਬੱਚਿਆਂ ਨੂੰ ਸਿੱਖਿਆ ਦੇ ਨਾਲ਼-ਨਾਲ਼ ਵਾਤਾਵਰਨ ਦੀ ਸਾਂਭ-ਸੰਭਾਲ਼ ਅਤੇ ਧਾਰਮਿਕ-ਨੈਤਿਕ ਕਦਰਾਂ-ਕੀਮਤਾਂ ਪ੍ਰਤੀ ਵੀ ਜਾਗਰੂਕ ਕਰਨਗੇ। ਮਾਂ-ਬੋਲੀ ਰਾਹੀਂ ਪੜ੍ਹਾਈ ਕਰਵਾਉਂਦਿਆਂ ਖੇਡ-ਵਿਧੀ, ਗਰੁੱਪ-ਡਿਸਕਸ਼ਨ ਅਤੇ ਸਿਰਜਾਣਤਮਕ ਗਤੀਵਿਧੀਆਂ ਰਾਹੀਂ ਬੱਚਿਆਂ ਵਿੱਚ ਵਿਗਿਆਨਿਕ ਤਰਕਸ਼ੀਲ ਰੁਚੀਆਂ ਦਾ ਵਿਕਾਸ ਕਰਕੇ ਉਹਨਾਂ ਨੂੰ ਭਵਿੱਖ ਦੇ ਜ਼ਿੰਮੇਵਾਰ ਨਾਗਰਿਕ ਬਣਾਉਣਾ ਇਹਨਾਂ ਸੈਂਟਰਾਂ ਦਾ ਮੁੱਖ ਉਦੇਸ਼ ਰਹੇਗਾ।

ਪ੍ਰਸਤਾਵਿਤ ਹੋਮ-ਵਰਕ ਟਿਊਸ਼ਨ ਸੈਂਟਰ ਫ਼ਾਊਂਡੇਸ਼ਨ ਦੇ ਪ੍ਰਬੰਧ ਅਧੀਨ ਅਤੇ ਸਿੱਖਿਆ ਮਾਹਿਰਾਂ ਦੀ ਨਿਗਰਾਨੀ ਹੇਠ ਕੰਮ ਕਰਨਗੇ ਅਤੇ ਇਹਨਾਂ ਸੈਂਟਰਾਂ ਦੀ ਦੇਖ-ਰੇਖ ਲਈ ਸੰਬੰਧਿਤ ਖੇਤਰ ਦੇ ਸੇਵਾ-ਨਵਿਰਤ ਅਧਿਆਪਕਾਂ, ਸਿੱਖਿਆ ਮਾਹਿਰਾਂ, ਪਤਵੰਤੇ ਨਾਗਰਿਕਾਂ (ਮਹਿਲਾ ਅਤੇ ਪੁਰਖ) 'ਤੇ ਅਧਾਰਤ ਸਿੱਖਿਆ ਕਮੇਟੀਆਂ ਦਾ ਗਠਨ ਕੀਤਾ ਜਾਣਾ ਹੈ।

'ਫ਼ਾਊਂਡੇਸ਼ਨ' ਪ੍ਰਾਇਮਰੀ ਪੱਧਰ ਦੀ ਸਿੱਖਿਆ ਲਈ ਹੇਠ ਲਿਖੇ ਤਿੰਨ ਵਿਸ਼ਿਆਂ 'ਤੇ ਅਧਾਰਿਤ Minimum Level of Learning 'ਮਿਨਿਮਮ ਲੈਵਲ ਆਫ਼ ਲਰਨਿੰਗ' ਪੱਧਰ ਦੀ ਇੱਕ ਕਾਰਜ-ਯੋਜਨਾ ਤਿਆਰ ਕਰੇਗੀ :

1) ਭਾਸ਼ਾ (ਮਾਤ-ਭਾਸ਼ਾ)

2) ਗਣਿਤ

3) ਵਾਤਾਵਰਨ ਸਿੱਖਿਆ (ਵਿਗਿਆਨ ਅਤੇ ਸਮਾਜਿਕ ਵਿਗਿਆਨ ਆਦਿ)

Minimum Level of Learning 'ਮਿਨਿਮਮ ਲੈਵਲ ਆਫ਼ ਲਰਨਿੰਗ' ਪੱਧਰ ਨਿਰਧਾਰਿਤ ਕਰਨ ਦਾ ਮੁੱਖ ਉਦੇਸ਼ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ ਦੇਸ਼ ਦੇ ਹਰ ਸੂਬੇ ਵਿੱਚ ਸੰਚਾਲਿਤ ਖੁਦਮੁਖਤਿਆਰ ਸਿੱਖਿਆ ਸੰਸਥਾਵਾਂ 'ਜਵਾਹਰਨਵੋਦਿਆ ਵਿਦਿਆਲੇ ਸਮਿਤੀ' ਅਤੇ ਅਜਿਹੀਆਂ ਹੋਰ ਸੰਸਥਾਵਾਂ ਦੁਆਰਾ ਪ੍ਰਾਇਮਰੀ ਪੱਧਰ ਦੇ ਸਿੱਖਿਆਰਥੀਆਂ ਲਈ ਆਯੋਜਿਤ ਦਾਖ਼ਲਾ ਪ੍ਰੀਖਿਆਵਾਂ ਲਈ ਫ਼ਾਊਂਡੇਸ਼ਨ ਵੱਲੋਂ ਅਪਨਾਏ ਸਿੱਖਿਆਰਥੀਆਂ ਨੂੰ ਸਮਰੱਥ ਬਣਾਉਣ ਦਾ ਹੈ।

ਫ਼ਾਊਂਡੇਸ਼ਨ ਅਧੀਨ ਸਥਾਪਿਤ ਕੀਤੇ ਜਾਣ ਵਾਲ਼ੇ ਪ੍ਰਸਤਾਵਿਤ ਹੋਮ-ਵਰਕ ਟਿਊਸ਼ਨ-ਸੈਂਟਰਾਂ ਵਿਖੇ ਸਿੱਖਿਆਰਥੀਆਂ ਨੂੰ ਹੇਠ ਦਰਸਾਏ ਦਸ ਬੇਸਿਕ ਹੁਨਰਾਂ (ਸਕਿੱਲਜ਼) ਵਿਚ ਨਿਪੁੰਨ ਬਣਾਉਣ ਦਾ ਪ੍ਰਸਾਤਵ ਹੈ :

* ਸੁਨਣ ਯੋਗਤਾ
* ਬੋਲਣ ਦਾ ਹੁਨਰ
* ਪੜ੍ਹਨ ਦਾ ਹੁਨਰ
* ਲਿਖਣ ਦਾ ਹੁਨਰ
* ਸੰਖੇਪ ਰਚਨਾ ਦਾ ਹੁਨਰ
* ਫ਼ੰਕਸ਼ਨਲ ਵਿਆਕਰਨ
* ਸਵੈ-ਅਧਿਐਨ ਦਾ ਹੁਨਰ
* ਭਾਸ਼ਾ-ਯੋਗਤਾ
* ਸ਼ਬਦ-ਭੰਡਾਰ
* ਬੇਸਿਕ ਅੰਕਗਣਿਤ ਮੁਹਾਰਤ

ਉਪਰੋਕਤ ਹੁਨਰਾਂ ਵਿੱਚ ਮਹਾਰਤ ਉਪਰੰਤ ਸਿੱਖਿਆਰਥੀ ਹੇਠ ਦਰਸਾਏ ਅਨੁਸਾਰ ਸਮਰੱਥ ਹੋ ਸਕਣਗੇ :

* ਪ੍ਰਕਿਰਤੀ ਅਤੇ ਸਮਾਜ ਦੇ ਸਹਿਹੋਂਦ ਅਧਾਰਿਤ ਵਰਤਾਰੇ ਨੂੰ ਸਮਝਦੇ ਹੋਏ ਕੁਦਰਤ ਅਤੇ ਮਨੁੱਖ ਦੀ ਆਪਸੀ ਨਿਰਭਰਤਾ ਨੂੰ ਸਿਹਤਮੰਦ ਨਿਰੰਤਰਤਾ ਪਰਦਾਨ ਕਰਨਾ;
* ਮਾਤ-ਭਾਸ਼ਾ ਦੀ ਸਿੱਖਿਆ ਲਈ ਗ਼ੈਰ-ਰਸਮੀ ਸਮਾਜਿਕ ਤਾਣਾ-ਬਾਣੇ ਦੀ ਉਸਾਰੀ ਕਰਨਾ;
* ਅੰਕ-ਗਣਿਤ ਨਾਲ਼ ਸੰਬੰਧਿਤ ਮਾਪ-ਤੋਲ, ਖੇਤਰਫ਼ਲ, ਲੰਬਾਈ-ਚੌੜਾਈ, ਭਾਰ, ਸਮਾਂ, ਰੁਪਏ ਆਦਿ 'ਤੇ ਅਧਾਰਿਤ ਦੈਨਿਕ ਜੀਵਨ ਦੀਆਂ ਸਰਲ ਸਮੱਸਿਆਵਾਂ ਦਾ ਹੱਲ ਕਰਨ ਦੀ ਯੋਗਤਾ
* ਆਮ-ਭਿੰਨਾਂ, ਦਸ਼ਮਲਵ ਭਿੰਨਾਂ, ਪ੍ਰਤੀਸ਼ਤਤਾ ਦੇ ਸੰਕਲਪ ਨੂੰ ਸਮਝਣ-ਸਮਝਾਉਣ ਦੀ ਸਮਰੱਥਾ,

*ਮੌਖਿਕ-ਗਣਿਤ ਦੇ ਸੰਕਲਪ ਨੂੰ ਵਿਵਹਾਰ ਵਿੱਚ ਲਾਗੂ ਕਰ ਸਕਣ ਯੋਗ ਹੋਣਾ।

ਇਸੇ ਪ੍ਰਕਾਰ ਹੀ ਛੇਵੀਂ ਤੋਂ ਅਠਵੀਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਵੀ 'ਸੈਨਿਕ ਸਕੂਲਾਂ' ਅਤੇ 'ਰਾਸ਼ਟਰੀ ਇੰਡੀਅਨ ਮਿਲਿਟਰੀ ਕਾਲਜ-ਦੇਹਰਾਦੂਨ' ਵਿੱਚ ਦਾਖ਼ਲਾ ਲੈ ਸਕਣ ਦੇ ਯੋਗ ਬਣਾਉਣ ਹਿਤ ਕੌਮੀ-ਪੱਧਰ ਦੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਤਿਆਰੀ ਕਰਵਾਏ ਜਾਣ ਦਾ ਪ੍ਰਸਤਾਵ ਹੈ ਅਤੇ ਉਦੇਸ਼ ਦੀ ਪ੍ਰਾਪਤੀ ਲਈ ਸਿੱਖਿਆਰਥੀਆਂ ਨੂੰ ਗਣਿਤ, ਵਿਗਿਆਨ ਅਤੇ ਹੋਰ ਸੰਬੰਧਿਤ ਵਿਸ਼ਿਆਂ ਦੀ ਤਿਆਰੀ ਫ਼ਾਊਂਡੇਸ਼ਨ ਦੇ ਪ੍ਰਸਤਾਵਿਤ ਹੋਮ-ਵਰਕ ਟਿਊਸ਼ਨ ਸੈਂਟਰਾਂ ਵਿਖੇ ਕਰਵਾਈ ਜਾਣੀ ਹੈ। ਇਸ ਦੌਰਾਨ ਹੀ ਕੌਮਾਂਤਰੀ ਭਾਸ਼ਾ 'ਅੰਗਰੇਜ਼ੀ' ਵਿੱਚ ਸਿੱਖਿਆਰਥੀਆਂ ਨੂੰ ਮਹਾਰਤ ਪ੍ਰਦਾਨ ਕਰਨ ਦਾ ਵਿਸ਼ੇਸ਼ ਪ੍ਰਬੰਧ ਕੀਤੇ ਜਾਣ ਦਾ ਵੀ ਵਿਚਾਰ ਹੈ ਤਾਂ ਜੋ ਇਹ ਸਿੱਖਿਆਰਥੀ ਲੋੜ ਪੈਣ ਤੇ ਭਵਿੱਖ ਵਿੱਚ 'IELTS' ਪ੍ਰੀਖਿਆ ਵਿੱਚਲੀ ਲੁੜੀਂਦੀ ਕਾਰਗੁਜਾਰੀ ਵਿਖਾ ਸਕਣ।

ਫ਼ਾਊਂਡੇਸ਼ਨ ਦੇ ਇਹਨਾਂ ਵਿਚਾਰ-ਅਧੀਨ ਹੋਮ-ਵਰਕ ਟਿਊਸ਼ਨ-ਸੈਂਟਰਾਂ ਤੋਂ ਨਿਕਲੇ ਪ੍ਰੀਖਿਆਰਥੀ ਸਰੀਰਿਕ ਤੌਰ 'ਤੇ ਮਜ਼ਬੂਤ, ਦਿਮਾਗੀ ਤੌਰ 'ਤੇ ਸੁਚੇਤ ਅਤੇ ਭਾਵਨਾਤਮਕ ਤੌਰ 'ਤੇ ਸੰਤੁਲਿਤ ਸ਼ਖ਼ਸੀਅਤਾਂ ਵਜੋਂ ਭਵਿੱਖ ਦੇ ਜ਼ਿੰਮੇਵਾਰ ਨਾਗਰਿਕ ਬਣਨ ਦੇ ਸਮਰੱਥ ਹੋ ਸਕਣਗੇ। ਫ਼ਾਊਂਡੇਸ਼ਨ ਦੇ ਟਿਊਸ਼ਨ ਸੈਂਟਰਾਂ ਵਿੱਚ ਬਿਨ੍ਹਾਂ ਕਿਸੇ ਜਾਤ, ਧਰਮ, ਪੰਥ, ਰੰਗ-ਲਿੰਗ ਭੇਦ-ਭਾਵ ਤੋਂ, ਨਿਰੋਲ ਲੋੜਵੰਦ, ਪੱਛੜੇ, ਸਾਧਨਹੀਨ ਅਤੇ ਵੰਚਿਤ-ਪੀੜਿਤ ਵਰਗ ਨਾਲ਼ ਸੰਬੰਧਿਤ ਪਾਤਰ ਬੱਚਿਆਂ, ਕਾਮੇ ਅਤੇ ਸਕੂਲਾਂ ਦੇ 'ਡਰਾਪ-ਆਊਟ' ਬੱਚਿਆਂ ਦਾ ਦਾਖਲਾ ਹੋ ਸਕੇਗਾ।

ਪ੍ਰਸਤਾਵਿਤ ਹੋਮ-ਵਰਕ ਟਿਊਸ਼ਨ ਸੈਂਟਰ ਸਿੱਖਿਆ-ਕਮੇਟੀਆਂ ਦੇ ਪ੍ਰਤੀਨਿਧਾਂ ਦੁਆਰਾ ਸੁਝਾਏ ਸੁਰੱਖਿਅਤ ਅਸਥਾਨਾਂ 'ਤੇ ਹੀ ਖੋਲ੍ਹੇ ਜਾਣ ਦਾ ਸੁਝਾਅ ਹੈ ਅਤੇ ਇਹਨਾਂ ਦਾ ਕੰਮ-ਕਾਜ ਦਾ ਸਮਾਂ ਸਕੂਲਾਂ ਦੀ ਛੁੱਟੀ ਦੇ ਸਮੇਂ ਤੋਂ ਬਾਅਦ, ਬਾਦ-ਦੁਪਹਿਰ ਰੱਖੇ ਜਾਣ ਦਾ ਪ੍ਰਸਤਾਵ ਹੈ। ਪਹਿਲੀ ਤੋਂ ਅਠਵੀਂ ਜਮਾਤ ਤੱਕ ਦੇ 50 ਬੱਚਿਆਂ ਪਿੱਛੇ ਦੋ ਅਧਿਆਪਕ ਉਪਲਬਧ ਕਰਵਾਏ ਜਾਣੇ ਹਨ। ਅਧਿਆਪਨ ਲਈ ਪ੍ਰਤੀਬੱਧ, ਉਚਿਤ ਵਿੱਦਿਅਕ ਯੋਗਤਾ ਪ੍ਰਾਪਤ ਕੋਈ ਵੀ ਬੇਰੁਜ਼ਗਾਰ/ਨੌਕਰੀਪੇਸ਼ਾ/ਉੱਦਮੀ ਨੌਜਵਾਨ (ਇਸਤਰੀ/ਪੁਰਖ) ਇਹਨਾਂ ਟਿਊਸ਼ਨ-ਸੈਂਟਰਾਂ ਵਿਖੇ ਨਿਸ਼ਚਿਤ ਮਾਨ-ਭੱਤੇ/ਸਵੈ-ਸੇਵਕ ਵਜੋਂ ਸੇਵਾ ਹਿਤ ਰੱਖਿਆ ਜਾ ਸਕਦਾ ਹੈ। ਅਜਿਹੇ ਇੱਕ ਟਿਊਸ਼ਨ ਸੈਂਟਰ ਦਾ ਮਾਨ-ਭੱਤੇ ਦੀ ਮਦ ਦਾ ਮਾਸਿਕ ਖ਼ਰਚ 5000/-(ਪੰਜ ਹਜ਼ਾਰ ਰੁਪਏ) ਅਨੁਮਾਨਿਤ ਹੈ। ਪਹਿਲਾਂ ਪ੍ਰਸਤਾਵਿਤ ਪ੍ਰੋਗਰਾਮ ਅਨੁਸਾਰ ਜੇ ਦਸੰਬਰ-2022 ਤੋਂ ਮਾਰਚ-2023 ਤੱਕ ਚਾਰ ਮਹੀਨਿਆਂ ਲਈ ਇੱਕ ਟਿਊਸ਼ਨ ਸੈਂਟਰ 'ਤੇ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ਼ 20000/- ਰੁਪਏ ਖ਼ਰਚ ਹੋਣ ਦਾ ਅਨੁਮਾਨ ਹੈ ਇਸ ਪ੍ਰਕਾਰ 10 ਹੋਮ-ਵਰਕ ਟਿਊਸ਼ਨ ਸੈਂਟਰ ਚਲਾਉਣ 'ਤੇ 200000/- ਰੁਪਏ ਖ਼ਰਚ ਹੋਣ ਦਾ ਅਨੁਮਾਨ ਹੈ।

ਬਿਨਾਂ ਸ਼ੱਕ ਪ੍ਰਸਤਾਵਿਤ ਹੋਮ-ਵਰਕ ਟਿਊਸ਼ਨ ਸੈਂਟਰ ਸੂਬੇ ਦੇ ਹਰ ਪਿੰਡ ਵਿੱਚ ਸਥਾਪਿਤ ਕੀਤੇ ਜਾਣਾ ਸਮੇਂ ਦੀ ਮੰਗ ਹੈ, ਪਰ ਹਾਲ਼ ਦੀ ਘੜੀ ਸਾਲ 2022-23 ਲਈ ਪ੍ਰਸਤਾਵਿਤ 10 ਹੋਮ-ਵਰਕ ਟਿਊਸ਼ਨ ਸੈਂਟਰ ਹੇਠ ਲਿਖੇ ਜ਼ਿਲ੍ਹਿਆ ਦੇ ਪਿੰਡਾਂ ਵਿੱਚ ਇਹ ਸੈਂਟਰ ਅਰੰਭੇ ਜਾਣ ਦਾ ਪ੍ਰਸਤਾਵ ਹੈ:

1) ਜ਼ਿਲ੍ਹਾ ਕਪੂਰਥਲਾ (ਦੋ ਸੈਂਟਰ)
2) ਜ਼ਿਲ੍ਹਾ ਹੁਸ਼ਿਆਰਪੁਰ (ਤਿੰਨ ਸੈਂਟਰ)
3) ਜ਼ਿਲ੍ਹਾ ਜਲੰਧਰ ( ਦੋ ਸੈਂਟਰ)
4) ਜ਼ਿਲ੍ਹਾ ਗੁਰਦਾਸਪੁਰ (ਇੱਕ ਸੈਂਟਰ)
5) ਜ਼ਿਲ੍ਹਾ ਕੁਰੂਕਸ਼ੇਤਰ (ਇੱਕ ਸੈਂਟਰ, ਪਿਹੋਵਾ)
6) ਜ਼ਿਲ੍ਹਾ ਅੰਬਾਲਾ (ਇੱਕ ਸੈਂਟਰ, ਨਰਾਇਣਗੜ੍ਹ)

2) **ਕੋਚਿੰਗ ਸੈਂਟਰ (ਨੌਵੀਂ ਤੋਂ ਬਾਰ੍ਹਵੀਂ ਜਮਾਤਾਂ ਲਈ)** - ਨੌਵੀਂ-ਦਸਵੀਂ ਜਮਾਤਾਂ ਦੇ ਬੱਚਿਆਂ ਨੂੰ ਗਣਿਤ, ਵਿਗਿਆਨ ਵਿਸ਼ਿਆਂ ਵਿੱਚ ਕੋਚਿੰਗ ਉਪਲਬਧ ਕਰਵਾਉਣ ਲਈ ਸੂਬੇ ਦੇ ਕੁਝ ਚੋਣਵੇਂ ਪਿੰਡਾਂ ਵਿੱਚ ਕੋਚਿੰਗ ਸੈਂਟਰ ਸਥਾਪਿਤ ਕੀਤੇ ਜਾਣ ਦਾ ਪ੍ਰਸਤਾਵ ਹੈ। ਕੋਚਿੰਗ ਸੈਂਟਰਾਂ ਵਿੱਚ ਸਿੱਖਿਅਤ ਬੱਚਿਆਂ ਨੂੰ ਦਸਵੀਂ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਸੀਨੀਅਰ ਸੈਕੰਡਰੀ ਜਮਾਤਾਂ (11ਵੀਂ-12ਵੀਂ) ਲਈ ਵਿਸ਼ੇ ਦੀ ਚੋਣ ਸੰਬੰਧੀ ਅਗਵਾਈ ਉਪਲਬਧ ਕਰਵਾਈ ਜਾਵੇਗੀ। ਇਹਨਾਂ ਜਮਾਤਾਂ ਦੇ ਸਿੱਖਿਆਰਥੀਆਂ ਨੂੰ ਅੰਗਰੇਜ਼ੀ ਵਿਸ਼ੇ ਦੀਆਂ ਸਿੱਖਿਅਨ ਕਲਾਵਾਂ ਸੁਣਨਾ, ਪੜ੍ਹਨਾ, ਲਿਖਣਾ, ਬੋਲਣਾ- ਵਿੱਚ ਪ੍ਰਵੀਨ ਬਣਾਉਣ ਲਈ ਵਿਸ਼ਾ-ਮਾਹਿਰਾਂ ਦੀਆਂ ਸੇਵਾਵਾਂ ਉਪਲਬਧ ਕਰਵਾਏ ਜਾਣ ਦਾ ਪ੍ਰਸਤਾਵ ਹੈ ਕਿਉਂਕਿ ਫ਼ਾਊਂਡੇਸ਼ਨ ਦੇ ਸਿੱਖਿਆ ਮਾਹਿਰ ਇਹ ਮਹਿਸੂਸ ਕਰਦੇ ਹਨ ਕਿ ਸੂਬੇ ਦੇ ਪੇਂਡੂ ਖਿੱਤੇ ਦੇ ਪੰਜਾਬੀ ਭਾਸ਼ੀ ਬੱਚੇ ਅੰਗਰੇਜ਼ੀ ਵਿਸ਼ੇ ਵਿੱਚ ਪੱਛੜੇ ਪ੍ਰਤੀਤ ਹੁੰਦੇ ਹਨ। ਜਿਨ੍ਹਾਂ ਪਿੰਡਾਂ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਗਣਿਤ-ਵਿਗਿਆਨ ਦੇ ਗਰੁੱਪ ਸਫ਼ਲਤਾ ਪੂਰਵਕ ਚੱਲ ਰਹੇ ਹਨ, ਉਹਨਾਂ ਪਿੰਡਾਂ ਵਿੱਚ ਗਣਿਤ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨਵਿਸ਼ਿਆਂ ਦੀ ਕੋਚਿੰਗ ਵੀ ਉਪਲਬਧ ਕਰਵਾਏ ਜਾਣ ਦਾ ਵਿਚਾਰ ਹੈ। ਸ਼ੁਰੂਆਤ ਵਿੱਚ ਇਲਾਕੇ ਦੇ ਨਾਮਵਰ ਕੋਚਿੰਗ ਸੈਂਟਰਾਂ ਤੋਂ ਇਹਨਾਂ ਵਿਸ਼ਿਆਂ ਦੀ ਪਾਠ-ਸਮੱਗਰੀ ਅਤੇ ਵਿਸ਼ਾ-ਮਾਹਿਰ ਅਧਿਆਪਕਾਂ ਦੀਆਂ ਸੇਵਾਵਾਂ ਸਿੱਖਿਆਰਥੀਆਂ ਨੂੰ ਮੁਹੱਈਆ ਕਰਵਾਉਣ ਦਾ ਵਿਚਾਰ ਹੈ। ਫ਼ਾਊਂਡੇਸ਼ਨ ਇਸ ਪ੍ਰਾਜੈਕਟ ਲਈ ਲੁੜੀਂਦਾ ਵਿੱਤੀ ਪ੍ਰਬੰਧ ਕਰੇਗੀ। ਫ਼ਾਊਂਡੇਸ਼ਨ ਵੱਲੋਂ ਸੀਨੀਅਰ ਸੈਕੰਡਰੀ ਜਮਾਤਾਂ ਲਈ ਕੀਤਾ ਜਾਣ ਵਾਲ਼ਾ ਇਹ ਉਪਰਾਲਾ ਉਹਨਾਂ ਦੇ ਆਈ.ਆਈ.ਟੀ., ਆਈ.ਆਈ.ਐਸ.ਈ.ਆਰ., ਐਨ.ਆਈ.ਟੀ., ਆਈ.ਆਈ.ਐਮ. ਜਿਹੀਆਂ ਨਾਮੀ-ਗਰਾਮੀ ਸੰਸਥਾਵਾਂ ਵਿੱਚ ਦਾਖ਼ਲੇ ਦਾ ਰਾਹ ਯਕੀਨੀ ਬਣਾਏਗਾ। ਫ਼ਾਊਂਡੇਸ਼ਨ ਅਧੀਨ ਗਠਿਤ ਕੀਤੀ ਜਾਣ ਵਾਲੀ ਸਿੱਖਿਆ ਕਮੇਟੀ ਇਹਨਾਂ ਕੋਚਿੰਗ ਸੈਂਟਰਾਂ ਦੀ ਨਿਗਰਾਨੀ ਕਰੇਗੀ।

ਪੰਜਾਬ ਸਰਕਾਰ ਦੀ 'ਸੁਸਾਇਟੀ ਫ਼ਾਰ ਪ੍ਰਮੋਸ਼ਨ ਆਫ਼ ਕੁਆਲਿਟੀ ਐਜੁਕੇਸ਼ਨ ਫ਼ਾਰ ਪੁਅਰ ਐਂਡ ਮੈਰੀਟੋਰੀਅਸ ਸਟੂਡੈਂਟਸ' ਰਾਹੀਂ ਟੈਸਟ ਲੈ ਕੇ ਮੈਰੀਟੋਰੀਅਸ ਸਕੂਲਾਂ, (ਜਿਨ੍ਹਾਂ ਦੀ ਗਿਣਤੀ ਦਸ ਹੈ), ਵਿੱਚ ਜਵਾਹਰ ਨਵੋਦਿਆ ਵਿਦਿਆਲਿਆਂ ਦੀ ਤਰਜ਼ ਤੇ' ਮੁਫ਼ਤ, ਮਿਆਰੀ ਰਿਹਾਇਸ਼ੀ ਸਿੱਖਿਆ

ਦੀ ਸੁਵਿਧਾ ਉਪਲਬਧ ਹੈ। ਕੋਚਿੰਗ-ਸੈਂਟਰਾਂ ਵਿੱਚ ਪੜ੍ਹਦੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ ਇਹਨਾਂ ਮੈਰੀਟੋਰੀਅਸ ਸਕੂਲਾਂ ਵਿਚ ਦਾਖ਼ਲਾ ਯਕੀਨੀ ਬਣਾਉਣ ਲਈ ਅਗਵਾਈ ਉਪਲਬਧ ਕਰਵਾਏ ਜਾਣ ਦਾ ਪ੍ਰਸਤਾਵ ਹੈ।

3 ) **ਉਚੇਰੀ ਸਿੱਖਿਆ ਪ੍ਰਾਪਤੀ ਲਈ ਮਦਦ ਦਾ ਪ੍ਰਾਜੈਕਟ** : ਫ਼ਾਊਂਡੇਸ਼ਨ ਅਧੀਨ ਹੋਮ-ਵਰਕ ਟਿਊਸ਼ਨ ਸੈਂਟਰਾਂ ਅਤੇ ਕੋਚਿੰਗ ਸੈਂਟਰਾਂ ਵਿੱਚ ਪੜ੍ਹਦੇ ਬੱਚਿਆਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਉਪਰੰਤ ਵਿੱਤੀ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੇ ਮੈਰੀਟੋਰੀਅਸ ਸਿੱਖਿਆਰਥੀਆਂ ਦੀ ਪਛਾਣ ਕਰਕੇ ਉਹਨਾਂ ਨੂੰ ਉੱਚ ਵਿੱਦਿਆ ਪ੍ਰਾਪਤੀ ਲਈ ਵਜ਼ੀਫ਼ਾ ਉਪਲਬਧ ਕਰਵਾਉਣ ਦਾ ਪ੍ਰਸਤਾਵ ਹੈ। ਫ਼ਾਊਂਡੇਸ਼ਨ ਨਾਲ਼ ਜੁੜੇ ਆਰਥਿਕ ਤੌਰ 'ਤੇ ਖ਼ੁਸ਼ਹਾਲ ਵਿਅਕਤੀਆਂ/ਪਰਿਵਾਰਾਂ ਨੂੰ ਸ਼ਨਾਖ਼ਤ ਕੀਤੇ ਮੈਰੀਟੋਰੀਅਸ ਬੱਚਿਆਂ ਦੀ ਉਚੇਰੀ ਸਿੱਖਿਆ ਦੇ ਖ਼ਰਚ ਦਾ ਭਾਰ ਚੁੱਕਣ/ਫ਼ਾਊਂਡੇਸ਼ਨ ਦੀ ਇਸ ਮੱਦ ਵਿਚ ਮਾਲੀ ਮਦਦ ਕਰਨ ਲਈ ਪ੍ਰੇਰਿਤ ਕੀਤੇ ਜਾਣ ਦਾ ਸੁਝਾਅ ਹੈ। ਫ਼ਾਊਂਡੇਸ਼ਨ ਅਧੀਨ ਗਠਿਤ ਸਿੱਖਿਆ ਸੁਧਾਰ ਕਮੇਟੀਆਂ ਇਸ ਪ੍ਰਾਜੈਕਟ ਦੀ ਜ਼ਿੰਮੇਵਾਰੀ ਸੰਭਾਲਣਗੀਆਂ ਅਤੇ ਪਾਤਰ ਬੱਚਿਆਂ ਨੂੰ ਨਿਰੰਤਰ ਵਿੱਤੀ ਸਹਾਇਤਾ ਉਪਲਬਧ ਕਰਵਾਉਣਾ ਯਕੀਨੀ ਬਣਾਉਣਗੀਆਂ। ਸਹਾਇਤਾ ਪ੍ਰਾਪਤ ਬੱਚਿਆਂ ਦੀਆਂ ਵਿੱਦਿਅਕ ਪ੍ਰਾਪਤੀਆਂ ਦੀ ਨਿਰੰਤਰ ਸਮੀਖਿਆ ਕਰਨਾ ਇਹਨਾਂ ਕਮੇਟੀਆਂ ਦੀ ਜ਼ਿੰਮੇਵਾਰੀ ਰਹੇਗੀ। ਫ਼ਾਊਂਡੇਸ਼ਨ ਦਾ ਇਹ ਪ੍ਰਾਜੈਕਟ ਲੁਬਾਣਾ ਬਰਾਦਰੀ ਦੇ ਵਿੱਤੀ ਤੰਗੀ ਦਾ ਸ਼ਿਕਾਰ ਪਰਿਵਾਰਾਂ ਦੇ ਹੁਸ਼ਿਆਰ ਬੱਚਿਆਂ ਨੂੰ ਜੀਵਨ ਵਿੱਚ ਕੁਝ ਕਰ ਵਿਖਾਉਣ ਦਾ ਮੌਕਾ ਪ੍ਰਦਾਨ ਕਰੇਗਾ।

4) **ਸਿਵਲ-ਸੇਵਾਵਾਂ/ਪ੍ਰਤੀਯੋਗੀ-ਪ੍ਰੀਖਿਆਵਾਂ ਦੀ ਤਿਆਰੀ ਲਈ ਸੈਂਟਰ ਸਥਾਪਿਤ ਕਰਨਾ** : - ਪੇਂਡੂ-ਖੇਤਰ ਦੇ ਹੁਸ਼ਿਆਰ ਬਚਿਆਂ ਨੂੰ UPSC, PPSC, Railway Recruitment Board, Staff Selection Commission, Banking /RBI/NABARD/ IBPS ਅਤੇ ਹੋਰ ਵਿਭਾਗਾਂ ਵਿੱਚ ਅਧਿਕਾਰੀ ਪੱਧਰ ਦੀਆਂ ਨੌਕਰੀਆਂ ਲਈ ਆਯੋਜਿਤ ਹੁੰਦੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਸਫ਼ਲ ਹੋਣ ਲਈ ਤਿਆਰੀ ਕਰਵਾਉਣ ਹਿੱਤ ਜਲੰਧਰ/ਚੰਡੀਗੜ੍ਹ ਵਿਖੇ ਇੱਕ ਸੰਸਥਾ ਸਥਾਪਿਤ ਕਰਨ ਦੀ ਤਜਵੀਜ਼ ਹੈ। ਇਸ ਸੰਸਥਾ ਦਾ ਨਾਂ ਲੁਬਾਣਾ ਬਰਾਦਰੀ ਮਹਾਨ ਵਿਦਿਆ-ਦਾਨੀ ਸੰਤ ਪ੍ਰੇਮ ਸਿੰਘ ਜੀ ਨੂੰ ਸਮਰਪਿਤ ਕਰਦਿਆਂ 'ਸੰਤ ਪ੍ਰੇਮ ਸਿੰਘ ਪ੍ਰੈਪਰੇਟਰੀ ਸੈਂਟਰ ਫ਼ਾਰ ਸਿਵਿਲ-ਸਰਵਿਸੀਜ਼ ਐਂਡ ਕੰਪੀਟੀਟਿਵ ਐਗਜ਼ਾਮਜ਼' ਰੱਖੇ ਜਾਣ ਦਾ ਪ੍ਰਸਤਾਵ ਹੈ। ਇਹ ਸੁਝਾਅ ਦੇ ਗੋਲਡਨ ਜੁਬਲੀ ਵਰ੍ਹਾ-2025 ਤੱਕ ਇਹ ਸੰਸਥਾ ਸਥਾਪਿਤ ਕਰਨ ਲਈ ਸਮੂਹਿਕ ਯਤਨ ਕਰੇ।

5) **ਮੈਰਿਟ ਕਮ ਮੀਨਜ਼ ਸਕਾਲਰਸ਼ਿਪ** : ਫ਼ਾਊਂਡੇਸ਼ਨ ਸਾਲ 1996 ਤੋਂ ਆਪਣੀ ਆਮਦਨ ਦਾ 10 ਪ੍ਰਤੀਸ਼ਤ 'ਮੈਰਿਟ ਕਮ ਮੀਨਜ਼ ਸਕਾਲਰਸ਼ਿਪ' ਸਕੀਮ ਅਧੀਨ ਵਜ਼ੀਫ਼ੇ ਦੇ ਤੌਰ 'ਤੇ ਨੌਵੀਂ ਜਮਾਤ ਤੋਂ ਯੂਨੀਵਰਸਿਟੀ ਤੱਕ ਦੀਆਂ ਪ੍ਰੀਖਿਆਵਾਂ ਵਿਚ 75 ਪ੍ਰਤੀਸ਼ਤ ਜਾਂ ਵੱਧ ਅੰਕ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀਆਂ ਨੂੰ ਪ੍ਰਦਾਨ ਕਰ ਰਹੀ ਹੈ। ਅਕਾਦਮਿਕ/ਪ੍ਰੋਫ਼ੈਸ਼ਨਲ ਪੜ੍ਹਾਈ ਕਰ ਰਹੇ ਦੇਸ਼ ਦੇ ਬੋਨਾਫ਼ਾਈਡ ਵਿਦਿਆਰਥੀਆਂ ਨੂੰ ਇਹ ਵਜ਼ੀਫ਼ਾ ਦਿੱਤੇ ਜਾਣ ਦਾ ਪ੍ਰਾਵਧਾਨ ਹੈ। ਇਸ ਵਜ਼ੀਫ਼ੇ ਨੂੰ ਫ਼ਾਊਂਡੇਸ਼ਨ ਦੀ ਨਵੀਂ ਸਿੱਖਿਆ ਨੀਤੀ ਵਿੱਚ ਵੀ ਜਾਰੀ ਰੱਖਣ ਦਾ ਸੁਝਾਅ ਹੈ ਪਰ ਵਜ਼ੀਫ਼ਾ ਪ੍ਰਦਾਨ ਕਰਨ ਦੀ ਪ੍ਰਕਿਰਿਆ ਤੇ ਪੁਨਰ-ਵਿਚਾਰ ਕਰਨਾ ਬਣਦਾ ਹੈ।

ਥੋੜ੍ਹੇ ਸਮੇਂ ਦੇ ਕੋਰਸਾਂ, ਟਰੇਨਿੰਗ-ਵਰਕਸ਼ਾਪ, ਸੈਮੀਨਾਰਾਂ ਆਦਿ ਲਈ ਚੰਡੀਗੜ੍ਹ ਆਉਣ ਵਾਲ਼ੇ ਵਿਦਿਆਰਥੀਆਂ ਨੂੰ ਚੰਡੀਗੜ੍ਹ ਸਥਿਤ "ਲੁਬਾਣਾ-ਭਵਨ" ਵਿਖੇ ਰਿਆਇਤੀ ਦਰ 'ਤੇ ਦਿੱਤੀ ਜਾ ਰਹੀ ਰਿਹਾਇਸ਼ ਦੀ ਸੁਵਿਧਾ ਪ੍ਰਤੀ ਪ੍ਰੇਰਿਤ ਕਰਨ ਦਾ ਸੁਝਾਅ ਹੈ।

ਉਚੇਰੀ ਵਿਦਿਆ ਪ੍ਰਾਪਤੀ ਲਈ ਵਜ਼ੀਫ਼ਾ ਪਰਦਾਨ ਕਰਨ ਲਈ ਫ਼ਾਊਂਡੇਸ਼ਨ ਜੰਮੂ-ਕਸ਼ਮੀਰ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਬੱਚਿਆਂ ਲਈ ਇੱਕ ਸਲਾਨਾ ਵਜ਼ੀਫ਼ਾ ਪ੍ਰਤੀਯੋਗਤਾ ਆਯੋਜਿਤ ਕਰੇਗੀ ਜਿਸ ਵਿੱਚ ਕੋਚਿੰਗ ਸੈਂਟਰਾਂ ਵਿੱਚ ਪੜ੍ਹਦੇ ਬੱਚੇ ਵੀ ਭਾਗ ਲੈ ਸਕਣਗੇ। ਪ੍ਰੀਖਿਆ ਵਿੱਚ ਕਾਰਗੁਜ਼ਾਰੀ ਦੇ ਆਧਾਰ 'ਤੇ ਬੱਚੇ ਸਿੱਖਿਆ ਕਮੇਟੀਆਂ ਦੁਆਰਾ ਨਿਰਧਾਰਿਤ ਵਜ਼ੀਫ਼ਾ ਪ੍ਰਾਪਤ ਕਰਨ ਦੇ ਹੱਕਦਾਰ ਬਣ ਸਕਣਗੇ। ਪ੍ਰੀਖਿਆ ਵਿੱਚ ਸ਼ਲਾਘਾਯੋਗ ਪ੍ਰਦਰਸ਼ਨ ਕਰਨ ਵਾਲ਼ੇ ਬੱਚਿਆਂ ਦੀ ਦਾਖ਼ਲਾ ਪ੍ਰੀਖਿਆ ਲਈ ਕੋਚਿੰਗ ਦੀ ਸੁਵਿਧਾ ਫ਼ਾਊਂਡੇਸ਼ਨ ਅਧੀਨ ਚੱਲ ਰਹੇ ਕੋਚਿੰਗ ਸੈਂਟਰਾਂ ਵਿੱਚ ਪ੍ਰਦਾਨ ਕਰਵਾਈ ਜਾਏਗੀ।

ਭਾਰਤ ਸਰਕਾਰ ਅਤੇ ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਦੀਆਂ ਸੂਬਾ ਸਰਕਾਰਾਂ ਵੱਲੋਂ ਪ੍ਰਦਾਨ ਕੀਤੀਆ ਜਾ ਰਹੀਆਂ ਵੱਖ-ਵੱਖ ਵਜ਼ੀਫ਼ਾ ਸਕੀਮਾਂ ਦਾ ਲਾਭ ਪਾਤਰ ਵਿਦਿਆਰਥੀਆਂ ਤੱਕ ਪੁੱਜਦਾ ਯਕੀਨੀ ਬਣਾਉਣ ਲਈ ਫ਼ਾਊਂਡੇਸ਼ਨ ਵੱਲੋਂ ਵਜ਼ੀਫ਼ਾ ਸਕੀਮਾਂ ਦੇ ਫ਼ਾਰਮ ਆਨ ਲਾਈਨ ਸਬਮਿਟ ਕਰਨ ਵਿੱਚ ਮਦਦ ਕਰਨ ਦਾ ਪ੍ਰਬੰਧ ਕੀਤਾ ਜਾਏਗਾ।

ਫ਼ਾਊਂਡੇਸ਼ਨ ਓ.ਬੀ.ਸੀ. ਕੋਟੇ ਅਧੀਨ ਤਕਨੀਕੀ ਅਤੇ ਅਕਾਦਮਿਕ ਸੰਸਥਾਵਾਂ ਵਿੱਚ 27 ਪ੍ਰਤੀਸ਼ਤ ਰਾਖਵੇਂਕਰਨ ਅਧੀਨ ਦਾਖ਼ਲੇ ਦਾ ਲਾਭ ਪਾਤਰ ਵਿਦਿਆਰਥੀਆਂ ਨੂੰ ਪ੍ਰਾਪਤ ਕਰਨ ਵਿੱਚ ਅਗਵਾਈ ਪ੍ਰਦਾਨ ਕਰੇਗੀ।

ਕੋਚਿੰਗ ਸੈਂਟਰਾਂ ਵਿੱਚ ਵਧੀਆ ਨਤੀਜੇ ਦਿਖਾਉਣ ਵਾਲ਼ੇ ਅਧਿਆਪਕਾਂ ਨੂੰ ਜਨਤਕ ਤੌਰ 'ਤੇ ਸਨਮਾਨਿਤ ਕਰਨ ਦਾ ਉਪਰਾਲਾ ਵੀ ਸਿੱਖਿਆ ਕਮੇਟੀਆਂ ਕਰਨਗੀਆਂ। ਫ਼ਾਊਂਡੇਸ਼ਨ ਹੋਮ-ਵਰਕ ਟਿਊਸ਼ਨ ਸੈਂਟਰਾਂ ਅਤੇ ਕੋਚਿੰਗ ਸੈਂਟਰਾਂ ਨਾਲ਼ ਜੁੜੇ ਸਕੂਲਾਂ ਦੇ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਆਪਣੇ ਮਾਸਿਕ-ਪੱਤਰ 'ਲੁਬਾਣਾ-ਸੇਵਕ' ਵਿੱਚ ਢੁੱਕਵਾਂ ਸਥਾਨ ਦੇ ਕੇ ਸਨਮਾਨਿਤ ਕਰੇਗੀ ਅਤੇ ਫ਼ੋਟੋ ਸਹਿਤ ਉਹਨਾਂ ਦੁਅਰਾ ਪਾਏ ਯੋਗਦਾਨ ਦੀ ਸ਼ਲਾਘਾ ਕਰੇਗੀ।

ਫ਼ਾਊਂਡੇਸ਼ਨ ਲੁਬਾਣਾ ਬਰਾਦਰੀ ਦੇ ਵਿਕਾਸ ਅਤੇ ਖੋਜ ਕਾਰਜਾਂ ਲਈ ਇੱਕ ਸੰਸਥਾਨ ਦੀ ਸਥਾਪਨਾ ਕਰੇ, ਅਜਿਹਾ ਸੁਝਾਅ ਹੈ। ਜਿਹਨਾਂ ਯੂਨੀਵਰਸਿਟੀਆਂ ਵਿੱਚ ਸੰਤ ਪ੍ਰੇਮ ਸਿੰਘ ਅਤੇ ਮੱਖਣ ਸ਼ਾਹ ਲੁਬਾਣਾ ਚੇਅਰਜ਼ ਸਥਾਪਿਤ ਹਨ, ਉਹਨਾਂ ਯੂਨੀਵਰਸਿਟੀਆਂ ਨਾਲ਼ ਸੰਪਰਕ ਕਰਕੇ ਜਾਰੀ ਰੱਖੇ ਜਾਣ ਦਾ ਸੁਝਾਅ ਹੈ ਤਾਂ ਜੋ ਇਹ ਚੇਅਰਜ਼ ਆਪਣੇ ਸਥਾਪਨਾ-ਉਦੇਸ਼ਾਂ ਦੀ ਪੂਰਤੀ ਲਈ ਕਾਰਜਸ਼ੀਲ ਰਹਿ ਸਕਣ। ਇਸ ਮੰਤਵ ਲਈ ਫ਼ਾਊਂਡੇਸ਼ਨ ਅਧੀਨ ਗਠਿਤ ਸਿੱਖਿਆ ਕਮੇਟੀਆਂ ਅਤੇ ਪ੍ਰਸਤਾਵਿਤ ਸੰਸਥਾਨ ਯੂਨੀਵਰਸਿਟੀਆਂ ਨੂੰ ਪ੍ਰਮਾਣਿਕ ਜਾਣਕਾਰੀ ਅਤੇ ਵਿੱਤੀ ਸਹਾਇਤਾ ਉਪਲਬਧ ਕਰਵਾਉਣ ਦਾ

ਉਪਰਾਲਾ ਕਰਨਗੇ।

ਫ਼ਾਊਂਡੇਸ਼ਨ ਦੇ ਲੁਬਾਣਾ ਬਰਾਦਰੀ ਦੇ ਨਿਰੰਤਰ ਖੋਜ ਅਤੇ ਵਿਕਾਸ ਕਾਰਜਾਂ ਲਈ ਪ੍ਰਸਤਾਵਿਤ ਖੋਜ ਸੰਸ਼ਥਾਨ ਦੀ ਸਥਾਪਤੀ ਲਈ ਇੱਕ ਨਿਰਦੇਸ਼ਕ ਮੰਡਲ ਦੇ ਗਠਨ ਦਾ ਸੁਝਾਅ ਹੈ।ਸ਼ੁਰੂਆਤ ਵਿੱਚ ਕਿਸੇ ਪ੍ਰਮਾਨਿਕ ਏਜੰਸੀ ਦੀਆਂ ਸੇਵਾਵਾਂ ਇਸ ਅਕਾਦਮੀ ਨੂੰ ਸਥਾਪਿਤ ਕਰਨ ਲਈ ਲਈਆਂ ਜਾ ਸਕਦੀਆਂ ਹਨ ਅਤੇ ਇਸ ਸੰਸਥਾ ਨੂੰ ਹਾਲ ਦੀ ਘੜੀ ਫ਼ਾਊਂਡੇਸ਼ਨ ਦੇ ਭਵਨ ਵਿੱਚ ਹੀ ਸਥਾਪਿਤ ਕੀਤਾ ਜਾ ਸਕਦਾ ਹੈ। ਇਸ ਸੰਸਥਾ ਦੇ ਵਿੱਤੀ ਪ੍ਰਬੰਧ ਲਈ ਕੁਝ ਕਰੋੜ ਰੁਪਏ ਰਿਜ਼ਰਵ ਫ਼ੰਡ ਵਜੋਂ ਰੱਖੇ ਜਾਣ ਦਾ ਸੁਝਾਅ ਹੈ, ਜਿਸ ਤੋਂ ਪ੍ਰਾਪਤ ਵਿਆਜ ਦੀ ਰਾਸ਼ੀ ਨੂੰ ਫ਼ਾਊਂਡੇਸ਼ਨ ਦੇ ਸਿੱਖਿਆ ਵਿਕਾਸ ਦੇ ਵੱਖੋ-ਵੱਖ ਪ੍ਰਾਜੈਕਟਾਂ ਅਤੇ ਵਜ਼ੀਫ਼ਾ ਸਕੀਮਾਂ ਦੇ ਸੰਚਾਲਨ ਲਈ ਖ਼ਰਚ ਕੀਤਾ ਜਾ ਸਕਦਾ ਹੈ।

'ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ' ਇੱਕ ਗਤੀਸ਼ੀਲ ਗ਼ੈਰ ਸਰਕਾਰੀ ਸੰਸਥਾ ਹੈ ਜਿਸ ਦਾ ਮੰਤਵ ਪੰਜਾਬ ਦੀ ਮਿੱਟੀ ਵਿੱਚੋਂ ਜ਼ਹੀਨ, ਤਰੋਤਾਜ਼ਾ ਸੋਚ ਵਾਲ਼ੇ ਮਨੁੱਖੀ ਵਸੀਲਿਆਂ ਨੂੰ ਖੋਜ ਕੇ ਸ਼ਿੰਗਾਰਨਾ-ਸੁਆਰਨਾ ਹੈ ਤਾਂ ਜੋ ਫ਼ਾਊਂਡੇਸ਼ਨ ਦੇ ਦਰਸ਼ਨ ਅਧੀਨ ਵਿਕਸਿਤ ਇਹ ਮਨੁੱਖੀ ਸਰੋਤ ਸਮਾਜ ਨੂੰ ਦਰਪੇਸ਼ ਗੰਭੀਰ ਚੁਣੌਤੀਆਂ ਦਾ ਹੱਲ ਕਰ ਸਕਨ ਅਤੇ ਭਾਰਤੀ ਸਮਾਜ ਨੂੰ ਯੋਗ ਅਗਵਾਈ ਦੇਣ ਵਿੱਚ ਸਮਰੱਥ ਹੋ ਸਕਨ।ਮਾਣਮੱਤੇ, ਖ਼ੁਸ਼ਹਾਲ਼ ਪੰਜਾਬ ਤੋਂ ਕਰਜ਼ਾਈ ਹੋ ਕੇ ਕੰਗਾਲੀ ਵੱਲ ਵੱਧ ਰਹੇ ਬੇਹਾਲ ਪੰਜਾਬ ਨੂੰ ਮੁੜ ਤੋਂ ਚੜ੍ਹਦੀਆਂ ਕਲਾਂ ਵਿੱਚ ਲਿਆ, ਬੀਤੇ ਕੱਲ੍ਹ ਦਾ 'ਭਾਰਤ ਦਾ ਤਾਜ-ਪੰਜਾਬ', ਅਮਨ-ਸ਼ਾਂਤੀ, ਭਾਈਚਾਰੇ ਦਾ ਪ੍ਰਤੀਕ ਅਤੇ ਸਦਾ ਲਈ ਖ਼ੁਸ਼ਹਾਲ ਪੰਜਾਬ ਦੀ ਪੁਨਰ ਸਿਰਜਨਾ ਕਰਨਾ ਸਮੇਂ ਦੀ ਮੰਗ ਹੈ ਅਤੇ 'ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ' ਜਿਹੀ ਸੱਚੀ-ਸੁੱਚੀ, ਅਗਾਂਹਵਧੂ ਸੋਚ ਵਾਲ਼ੀ ਸੰਸਥਾ ਲਈ ਉਪਰੋਕਤ ਸੁਝਾਏ ਉਪਰਾਲਿਆਂ ਨੂੰ ਅਮਲੀ ਜਾਮਾ ਪਹਿਨਾ ਕੇ ਸੂਬੇ ਨੂੰ ਅਗਵਾਈ ਪ੍ਰਦਾਨ ਕਰਨ ਦਾ ਇਹ ਸੁਨਹਿਰੀ ਮੌਕਾ ਹੈ।

ਇਸ ਸੰਸਥਾ ਦੇ ਉਪਰੋਕਤ ਪ੍ਰਸਤਾਵਿਤ ਪ੍ਰੋਜੈਕਟਾਂ ਲਈ ਵਿੱਤੀ ਪ੍ਰਬੰਧ ਲਈ ਕੁਝ ਕਰੋੜ ਰੁਪਏ ਰਿਜ਼ਰਵ ਫ਼ੰਡ ਵਜੋਂ ਰੱਖੇ ਜਾਣ ਦਾ ਸੁਝਾਅ ਹੈ, ਜਿਸ ਤੋਂ ਪ੍ਰਾਪਤ ਵਿਆਜ ਦੀ ਰਾਸ਼ੀ ਨੂੰ ਫ਼ਾਊਂਡੇਸ਼ਨ ਦੇ ਸਿੱਖਿਆ ਵਿਕਾਸ ਦੇ ਵੱਖੋ-ਵੱਖ ਪ੍ਰਾਜੈਕਟਾਂ ਅਤੇ ਵਜ਼ੀਫ਼ਾ ਸਕੀਮਾਂ ਦੇ ਸੰਚਾਲਣ ਲਈ ਖ਼ਰਚ ਕੀਤਾ ਜਾ ਸਕਦਾ ਹੈ।

ਲੁਬਾਣਾ ਬਰਾਦਰੀ ਦਾ ਹਰ-ਇੱਕ ਪਰਿਵਾਰ ਇਸ ਮਹਾਨ ਕਾਰਜ ਲਈ ਆਪਣਾ ਯੋਗਦਾਨ ਪਾਵੇ ਤਾਂ ਜੋ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਕੁਝ ਵਿਸ਼ੇਸ਼ ਕਰਨ ਦਾ ਉਲੀਕਿਆ ਗਿਆ ਉਪਰਾਲਾ ਸਿਰੇ ਚੜ੍ਹ ਸਕੇ ਅਤੇ ਭਵਿੱਖ ਵਿੱਚ ਵੀ ਇਹ ਨਿਰੰਤਰ ਅਤੇ ਬੇਰੋਕ ਚਲਦਾ ਰਹੇ !

**ਬੇਨਤੀ** - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ 'ਐਜੂਕੇਸ਼ਨ ਪ੍ਰਮੋਸ਼ਨ ਐਂਡ ਸਕਾਲਰਸ਼ਿਪ ਕਮੇਟੀ' ਦੁਆਰਾ ਪ੍ਰਸਤਾਵਿਤ ਇਸ ਨੀਤੀ ਨੂੰ ਪੜ੍ਹ ਕੇ ਅਤੇ ਇਸ ਨੂੰ ਚੰਗੇਰੀ ਅਤੇ ਗੁਣਵੱਤਾ ਭਰਭੂਰ ਬਣਾਉਣ ਲਈ ਆਪਣੇ ਵਡਮੁੱਲੇ ਸੁਝਾਅ ਦੇ ਕੇ ਧੰਨਵਾਦ ਦੇ ਪਾਤਰ ਬਣੋਗੇ।ਮੈਂ ਯਕੀਨ ਦਿਵਾਉਂਦਾ ਹਾਂ ਕਿ ਆਪ ਜੀ ਦੇ ਵੱਲੋਂ ਦਿੱਤੇ ਗਏ ਵਡਮੁੱਲੇ ਸ਼ੁਭ ਸੁਝਾਵਾਂ ਤੇ ਵਿਚਾਰ ਕਰਕੇ ਇਸ ਨੀਤੀ ਵਿੱਚ ਸੋਧ ਕਰ ਦਿੱਤੀ ਜਾਵੇਗੀ।

**ਹਰਭਜਨ ਸਿੰਘ**

**ਪ੍ਰਧਾਨ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ,**

**ਚੰਡੀਗੜ੍ਹ।**

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ।'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ।ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**

**E-mail:bslubana187@gmail.com**

**M.: 98155-40240**

Application Regd. No.___________

# Baba Makhan Shah Lobana Foundation (Regd.)

**Sector-30-A, Chandigarh-160030 Phone: - 0172-2657340**

Affix Passport Size Photo

## APPLICATION FORM

### Merit, Merit Cum-Means Scholarship for Academic Year-2021-2022

1. Name of Applicant_______________________________________________________
   (In Block Letters)
2. i) Father's Name:- _______________________________________________________________
   ii) Mother's Name: - _________________________________________________________
   ii) Occupation ___________________________________________
3. Caste ___________________________________________________
4. Address for Correspondence :- Village :- ____________________ Post office :- _______________________
   Police Station:-___________________ Tehsil :-__________________________________
   Distt-:-___________________ Pin Code: _________________
5. Permanent Address :-_____________________________________________________________________
   Contact No. - Mobile: _______________________ STD Code: - ___________Landline No._____________
   E-mail-___________________________________________________________
6. Class in which studying_________________________________________________
7. Past performance and merit in the school/board/ university:

| Class | Board/University | Year of Passing | % (Percentage) | Remarks |
|---|---|---|---|---|
| | | | | Indicate Board/University Examination (Attach Mark Sheet) |
| | | | | Indicate Board/University Examination only (Attach Mark Sheet) |
| | | | | For Merit Scholarship only. (85% and above marks) |

8. Were you granted scholarship last year : Yes/No

If Yes, Amount of Scholarship received (last year) _____________ Class ___________

9. i) Annual income of Parents/ Guardians in Rs. _____________ p.a.

ii) Attach income certificate from the employer (mandatory)

iii) Land holding to be verified by revenue officer from his office record.

iv) Income verified by the Sarpanch and counter signed by BDPO/ Executive Committee Member of BMSL Chandigarh

10. Signatures a) Student: ____________________ dated __________

b) Father-Guardian ________________ dated __________

11. Name of the Bank_________________________________________ Place:-____________________

Account Holder's Name _______________________________________________________________

Bank Account No. ______________________________________IFSC Code: - ____________________

12. Identity Document: - Aadhaar Card

Aadhaar Card No.____________________________________________

13. Note: - List of documents to be attached with application:-

I) Self attested photocopy of mark sheet

ii) Self attested any other educational document, if any

14. Certificate of the Head of the institution :

Certified that the applicant is a regular student of class _____________ in this school/ college and particulars as shown above are correct

Place: - Signature _________________

Dated: - Name ____________________

Designation Stamp/Seal

1. Certify that the above facts stated are correct & true to my knowledge.

Recommended by the Executive Committee Member of the region with designation, address and Membership Number of BMSL, Chandigarh.

Official seal

Signature _______________

Name in capital letters

## FOR OFFICE USE ONLY

i) Date of application received _________________________

ii) No. of enclosures with the application ________________

iii) Completion/ correctness of the applicant

Verified by Manger

iv) Signature of the Convener

**Manager** **Convener**

# GRANT OF MERIT, MERIT-CUM-MEANS SCHOLARSHIP SCHEME 2021-22

| Sr No. | Sub Sr. No. | Board Or University In Which Studying | Courses & Class | Min Pass % | Annual Income Parents/ Guardian | No. of Scholarship | Amt of Scholarship |
|---|---|---|---|---|---|---|---|
| 1 | A | | $9^{th}$ & $10^{th}$ (Based on the results of $8^{th}$ Class) | 80 | 4.5Lac | 15 | 500 |
| 2 | B | Matric (Board Exam) | 10+1 & 10+2 I.T.I, Nursing Certificate, Craft Certificate or equivalent | 75 | 4.5Lac | 20 | 500 |
| | C | Senior Secondary | BS.c/BA/B.Com (I, II & III), BSc, Agriculture/Nursing, Poly Tech Diploma, B. Pharmacy, Nursing Diploma, Health Care/ Fashion Design/B.A. LLB 5 years, Finance/Hotel Management (Diploma) or equivalent | 75 | 4.5Lac | 10 | 500 |
| | D | B.A/B.Sc/ BCom (University) | MSc., MA/ M.Com (I&II), B.Ed, L.L.M, M.B.A, M.C.A, Hotel Mgt (Degree), P.G.D.C.A, Computer Sc. | 75 | 4.5Lac | 3 | 1000 |
| | E | Senior Secondary* (Board Exam) and subsequent semester | Programme, M Pharmacy. Med, MSc Nursing BE-( I to iV), IIT, BVSC, AH, BE/ B.Tech, (I to V), IIT, BDS, MBBS, BAMS, BHIVIS, or selected in Entrance Test. | 75 | 4.5Lac | 3 | 1000 |
| | | | | 75 | 4.5Lac | 2 | 1500 |
| | F | Graduation Degree* | M. Tech., I.I.M * selected entrance test of Professional courses. | 75 | 4.5 Lac | 2 | 1500 |
| 3 | A | Misce-Laneous Compassion Basis | Wards of Soldiers died in War/ Insurgency against militancy and handicaped Parents/ Studetns (to be decided by the Committee). | ..... | .......... | Lumpsum | 1000 |

**All poor and needy students may submit their applications duly completed for grant of Merit-cum - Means cum Scholarship by 20 September 2022 to Baba Makhan Shah Lobana Foundation.**

# ਪ੍ਰਿੰਸੀਪਲ ਗੌਰਮਿੰਟ ਕਾਲਜ ਨਾਭਾ ਅਤੇ ਕਾਲਾ ਅਫਗਾਨਾ ਅਤੇ ਗੌਰਮਿੰਟ ਕਾਲਜ ਕਪੂਰਥਲਾ ਵਿਖੇ ਦੂਜੀ ਟਰਮ

**ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)**

ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ ਵਿਖੇ ਬਤੌਰ ਪ੍ਰਿੰਸੀਪਲ ਤਿੰਨ ਸਾਲਾ ਡੈਪੂਟੇਸ਼ਨ ਪੂਰਾ ਹੋਣ ਤੇ 22.08.1974 ਨੂੰ ਲਗਭਗ 15 ਸਾਲ ਬਾਅਦ ਮੈਂ ਇਕ ਵਾਰ ਫਿਰ ਰਣਧੀਰ ਗੌਰਮਿੰਟ ਕਾਲਜ ਕਪੂਰਥਲਾ ਵਿਖੇ ਦੂਜੀ ਟਰਮ ਲਈ ਸੇਵਾ ਕਰਨ ਪਹੁੰਚ ਗਿਆ ਪਰ ਇਥੇ ਗਣਿਤ ਵਿਭਾਗ ਦੀ ਕਲਾਸ-2 ਦੀ ਪੋਸਟ ਨਾ ਹੋਣ ਕਰਕੇ ਦੋ ਮਹੀਨੇ ਬਾਅਦ ਹੀ ਮੇਰੀ ਬਦਲੀ ਗੌਰਮਿੰਟ ਕਾਲਜ ਮੁਕਤਸਰ ਵਿਖੇ ਹੋ ਗਈ ਜਿਥੇ ਮੈਂ 23.12.1974 ਤੋਂ 11.08.1975 ਤੱਕ ਸੇਵਾ ਕੀਤੀ। ਮੁਕਤਸਰ ਕਾਲਜ ਵਿੱਚ ਪ੍ਰੋ. ਰਾਜਿੰਦਰ ਸਿੰਘ ਬਖਸ਼ੀ ਮਿਲ ਗਏ ਜੋ ਪਹਿਲਾਂ ਕਿਸੇ ਵਕਤ ਗੌਰਮਿੰਟ ਕਾਲਜ, ਲੁਧਿਆਣਾ ਵਿਖੇ ਮੇਰੇ ਨਾਲ ਲੈਕਚਰਾਰ ਸਨ। ਮੁਕਤਸਰ ਵਿਖੇ ਇਨ੍ਹਾਂ ਨਾਲ ਹੀ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਰਿਹਾ। ਹਰ ਹਫਤੇ ਸ਼ਨਿਚਰਵਾਰ ਨੂੰ ਕਪੂਰਥਲੇ ਆ ਜਾਂਦਾ ਸੀ। ਮੁਕਤਸਰ ਸਾਹਿਬ ਦਾ ਮਾਘੀ ਦਾ ਮੇਲਾ ਬੜਾ ਪ੍ਰਸਿੱਧ ਹੈ। ਗੁਰਦੁਆਰਾ ਸਾਹਿਬ ਦਾ ਸਰੋਵਰ ਬੜਾ ਵੱਡਾ ਹੈ। ਇਥੇ ਖਿਦਰਾਨੇ ਦੀ ਢਾਬ ਵਿਖੇ 40 ਮੁਕਤਿਆਂ ਦੀ ਟੁੱਟੀ ਗੰਢੀ ਗਈ ਸੀ।

ਇਸ ਦੌਰਾਨ ਮੈਂ ਆਪਣੇ ਮਿੱਤਰ ਗਿਆਨੀ ਭਗਤ ਸਿੰਘ ਐਡਵੋਕੇਟ ਨੂੰ ਨਾਲ ਲੈ ਕੇ ਇੱਕ-ਦੋ ਵਾਰ ਮੇਜਰ ਜਨਰਲ ਆਰ.ਐਸ. ਸਪੈਰੋ ਨੂੰ ਜਲੰਧਰ ਕੈਂਟ ਵਿਖੇ ਮਿਲਿਆ। ਉਹ ਉਦੋਂ ਜਲੰਧਰ ਹਲਕੇ ਦੇ ਐਮ.ਪੀ. ਸਨ। ਉਨ੍ਹਾਂ ਦੀ ਸਹਾਇਤਾ ਨਾਲ ਮੈਂ ਫਿਰ 12.08.1975 ਨੂੰ ਮੁਕਤਸਰ ਤੋਂ ਆਪਣੀ ਕਲਾਸ-2 ਦੀ ਪੋਸਟ ਨਾਲ ਲੈ ਕੇ ਕਪੂਰਥਲਾ ਵਿਖੇ ਜੌਆਇਨ ਕਰ ਲਿਆ। ਪ੍ਰਿੰਸੀਪਲ ਬਨਣ ਤੱਕ ਗਣਿਤ ਵਿਭਾਗ ਦੇ ਮੁਖੀ ਦੇ ਤੌਰ 'ਤੇ ਇਸ ਕਾਲਜ ਵਿੱਚ ਇਲਾਕੇ ਦੀ ਫਿਰ ਸੇਵਾ ਕਰਨ ਦਾ ਅਵਸਰ ਮਿਲਿਆ।

ਕਪੂਰਥਲੇ ਦੇ ਰਣਧੀਰ ਗੌਰਮਿੰਟ ਕਾਲਜ ਦਾ ਨਵਾਂ ਨਾਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਗੌਰਮਿੰਟ ਕਾਲਜ, ਕਪੂਰਥਲਾ ਜ਼ਿਲ੍ਹੇ ਦੇ ਹੀ ਵਸਨੀਕ ਸਿੱਖਿਆ ਮੰਤਰੀ ਪੰਜਾਬ ਸ. ਸੁਖਜਿੰਦਰ ਸਿੰਘ ਰਾਮਗੜ੍ਹ ਵੇਲੇ ਰੱਖਿਆ ਗਿਆ ਸੀ। ਕਪੂਰਥਲਾ ਵਿਖੇ ਮੇਰਾ ਇਹ ਸੇਵਾ ਕਾਲ ਪਰਿਵਾਰ ਲਈ ਬੜਾ ਮਹੱਤਵਪੂਰਨ ਸਿੱਧ ਹੋਇਆ। ਇਸ ਸਮੇਂ ਦੌਰਾਨ ਗ੍ਰਹਿਸਤ ਦੀਆਂ ਕੁਝ ਜ਼ਿੰਮੇਵਾਰੀਆਂ ਵੀ ਨੇਪਰੇ ਚੜ੍ਹੀਆਂ। ਸਿਰ ਲੁਕਾਉਣ ਨੂੰ ਘਰ ਬਣ ਗਿਆ। ਵਾਹਿਗੁਰੂ ਦੀ ਕਿਰਪਾ ਨਾਲ ਚਾਰ ਬੱਚੇ ਕੰਮਕਾਜ ਤੇ ਲੱਗ ਗਏ। ਸਭ ਤੋਂ ਛੋਟੀ ਰਵਿੰਦਰ ਕੌਰ ਨੂੰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿਚ ਦਾਖਲਾ ਮਿਲ ਗਿਆ। ਤਿੰਨ ਬੱਚਿਆਂ ਦੇ ਵਿਆਹ ਕਾਰਜ ਸੰਪੂਰਨ ਹੋ ਗਏ। ਆਪਣੇ ਸਰਕਾਰੀ ਸੇਵਾ ਕਾਲ ਦੇ ਆਰੰਭ ਵਿੱਚ ਵੀ ਮੈਂ ਇਸ ਕਾਲਜ ਵਿੱਚ ਲਗਭਗ ਸਾਢੇ ਸੱਤ ਸਾਲ ਰਿਹਾ।

ਹੁਣ ਇਥੇ ਇਸ ਦੂਜੇ ਸੇਵਾ ਕਾਲ ਦੇ ਅੱਠ ਸਾਲ ਪੂਰੇ ਹੋਣ ਵਾਲੇ ਸਨ। ਲਗਦਾ ਸੀ ਕਿ ਏਸੇ ਕਾਲਜ ਵਿੱਚੋਂ ਹੀ ਸੇਵਾ ਮੁਕਤ ਹੋਵਾਂਗਾ। ਮੇਰੇ ਸੇਵਾ ਮੁਕਤ ਹੋਣ ਦਾ ਸਾਲ 1983 ਵੀ ਚੜ੍ਹ ਗਿਆ। ਸਾਲ ਦਾ ਪਹਿਲਾ ਸਪਤਾਹ ਮੇਰੇ ਲਈ ਬੜਾ ਸ਼ੁੱਭ ਸਿੱਧ ਹੋਇਆ। ਮੇਰੀ ਪੱਦ ਉਨਤੀ ਹੋ ਗਈ ਅਤੇ ਪ੍ਰਿੰਸੀਪਲ ਦੇ ਤੌਰ 'ਤੇ ਮੇਰੀ ਨਿਯੁਕਤੀ ਰਿਪੁਦਮਨ ਕਾਲਜ, ਨਾਭਾ ਵਿਖੇ ਹੋ ਗਈ।

**ਗੌਰਮਿੰਟ ਰਿਪੁਦਮਨ ਕਾਲਜ ਨਾਭਾ :** ਮਿਤੀ 30.12.1982 ਨੂੰ ਹੋਏ ਪ੍ਰੋਮੋਸ਼ਨ ਆਰਡਰਾਂ ਦੀ ਕਾਪੀ ਜਲਦੀ ਹੀ ਮਿਲ ਗਈ ਅਤੇ ਕਪੂਰਥਲਾ ਤੋਂ 07.01.1983 ਨੂੰ ਫਾਰਗ ਹੋਣ ਤੋਂ ਬਾਅਦ ਮੇਰੇ ਵੱਲੋਂ ਰਿਪੁਦਮਨ ਕਾਲਜ, ਨਾਭਾ ਵਿਖੇ ਪ੍ਰਿੰਸੀਪਲ ਦੇ ਤੌਰ 'ਤੇ 08.01.1983 ਨੂੰ ਜੌਆਇਨ ਕਰ ਲਿਆ ਗਿਆ। ਇਸ ਆਰਡਰ ਵਿੱਚ ਮੇਰੇ ਤੋਂ ਹੇਠਾਂ ਪ੍ਰੋ. ਹਰਮੰਦਰ ਸਿੰਘ ਦਾ ਨਾਂ ਵੀ ਸ਼ਾਮਿਲ ਸੀ ਜਿਸ ਨੇ ਆਰਡਰ ਤੋਂ ਅਗਲੇ ਦਿਨ 31.12.1982 ਨੂੰ ਹੀ ਸੇਵਾ ਮੁਕਤ ਹੋ ਜਾਣਾ ਸੀ। ਉਸ ਨੇ ਬਤੌਰ ਪ੍ਰਿੰਸੀਪਲ ਗੌਰਮਿੰਟ ਕਾਲਜ ਫਾਰ ਵੁਮੈਨ ਅੰਮ੍ਰਿਤਸਰ ਵਿਖੇ 31.12.1982 ਨੂੰ ਜੌਆਇਨ ਕੀਤਾ ਅਤੇ ਉਸੇ ਦਿਨ ਉਸੇ ਕਾਲਜ ਤੋਂ ਸ਼ਾਮ ਨੂੰ ਸੇਵਾ ਮੁਕਤ ਹੋ ਗਏ। ਲੱਗਦਾ ਏ ਕਿ ਉਸ ਨੂੰ ਇਕ ਦਿਨ ਲਈ ਪ੍ਰਿੰਸੀਪਲ ਬਣਾਉਣ ਲਈ ਇਹ ਆਰਡਰ 30.12.1982 ਨੂੰ ਕਰ ਦਿੱਤੇ ਗਏ। ਅਸੀਂ ਇਸ ਲਈ ਪੰਜਾਬ ਸਰਕਾਰ ਦੇ ਸ਼ੁਕਰ ਗੁਜ਼ਾਰ ਹਾਂ।

ਉਸੇ ਆਰਡਰ ਵਿੱਚ ਮੇਰੇ ਤੋਂ ਉੱਪਰ ਪ੍ਰੋ. ਸਾਧੂ ਸਿੰਘ ਲੈਕਚਰਾਰ ਗਣਿਤ ਗੌਰਮਿੰਟ ਕਾਲਜ ਨਾਭਾ ਦਾ ਨਾਂ ਵੀ ਸ਼ਾਮਿਲ ਸੀ ਜਿਸ ਦੀ ਪੱਦ ਉਨਤੀ ਦੇ ਨਾਲ ਹੀ ਗੌਰਮਿੰਟ ਕਾਲਜ ਗੁਰੂ ਤੇਗ ਬਹਾਦਰ ਗੜ੍ਹ ਜ਼ਿਲ੍ਹਾ ਫਰੀਦਕੋਟ ਵਿਖੇ ਬਦਲੀ ਦੇ ਆਰਡਰ ਵੀ ਕਰ ਦਿੱਤੇ ਗਏ। ਪਰ ਉਹ ਉਥੇ ਜੌਆਇਨ ਕਰਨ ਨਹੀਂ ਗਏ। ਇੱਕੋ ਵਿਸ਼ਾ ਹੋਣ ਕਰਕੇ ਅਸੀਂ ਪਹਿਲਾਂ ਤੋਂ ਇਕ ਦੂਜੇ ਨੂੰ ਜਾਣਦੇ ਸਾਂ। ਉਨ੍ਹਾਂ ਨੇ ਮੇਰੇ ਰਹਿਣ ਦਾ ਪ੍ਰਬੰਧ ਖਾਲੀ ਹੋਏ ਪ੍ਰਿੰਸੀਪਲ ਕੁਆਰਟਰ ਵਿੱਚ ਕਰ ਦਿੱਤਾ ਅਤੇ ਖਾਣਾ ਆਪਣੇ ਘਰ ਤੋਂ ਭੇਜਦੇ ਰਹੇ। ਇਹ ਕਾਲਜ ਮਹਾਰਾਜਾ ਰਿਪੁਦਮਨ ਸਿੰਘ ਦੀ ਯਾਦ ਵਿੱਚ 1946 ਵਿੱਚ ਬਣਾਇਆ ਗਿਆ ਸੀ। ਇਸ ਦੀ ਬਿਲਡਿੰਗ ਕਦੇ ਮਹਾਰਾਜਾ ਹੀਰਾ ਸਿੰਘ ਦਾ ਪੈਲਸ ਹੁੰਦਾ ਸੀ। ਇਹ ਇੱਕ ਸਾਂਝੀ ਵਿਦਿਆ ਵਾਲੀ ਵੱਡੀ ਸੰਸਥਾ ਹੈ, ਜਿਥੇ ਸਾਇੰਸ ਅਤੇ ਆਰਟਸ ਡਿਗਰੀ ਤੱਕ, ਅੰਗਰੇਜ਼ੀ, ਇਕਨਾਮਿਕਸ ਅਤੇ ਪੋਲੀਟੀਕਲ ਸਾਇੰਸ ਵਿਸ਼ੇ ਦਾ ਐਮ.ਏ. ਤੱਕ ਦਾ ਸਿੱਖਿਆ ਦਾ ਪ੍ਰਬੰਧ ਵੀ ਹੈ। ਇਸ ਕਾਲਜ ਵਿੱਚ 55 ਲੈਕਚਰਾਰ ਸਨ। ਉਸ ਸਾਲ ਕੁੱਲ 1179 ਵਿਦਿਆਰਥੀ ਦਾਖਲ ਕੀਤੇ ਗਏ ਜਿਨ੍ਹਾਂ ਵਿੱਚ 141 ਲੜਕੀਆਂ ਵੀ ਸ਼ਾਮਿਲ ਸਨ। ਐਮ.ਏ. ਦੀਆਂ ਕਲਾਸਾਂ ਸ਼ਾਮ ਨੂੰ ਲਗਦੀਆਂ ਸਨ। ਇਹ ਕਾਲਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਅਫਿਲੀਏਟਡ ਹੈ। ਲਗਭਗ ਤਿੰਨ ਮਹੀਨੇ ਦੇ ਥੋੜ੍ਹੇ ਸਮੇਂ ਵਿੱਚ ਕਾਲਜ ਦੇ ਤਿੰਨ ਸਮਾਗਮ ਆਯੋਜਿਤ ਕਰਵਾ ਦਿੱਤੇ ਗਏ।

**ਸੰਗੀਤ ਮਹਿਫ਼ਲ :** ਫ਼ਰਵਰੀ ਦੇ ਮਹੀਨੇ ਵਿੱਚ ਕਾਲਜ ਦੀ ਵਿਦਿਆਰਥੀ ਯੂਨੀਅਨ ਦੇ ਉੱਦਮ ਨਾਲ ਇੱਕ ਸੰਗੀਤ ਮਹਿਫ਼ਲ ਦਾ ਪ੍ਰਬੰਧ ਕੀਤਾ ਗਿਆ। ਇਸ ਵਿੱਚ ਪ੍ਰਸਿੱਧ ਗਾਇਕ ਜੋੜੇ ਜਗਮੋਹਨ ਕੌਰ ਅਤੇ ਕੇ. ਦੀਪ ਨੇ ਆਪਣੀ ਸੰਗੀਤ ਕਲਾ ਨਾਲ ਵਿਦਿਆਰਥੀਆਂ ਨੂੰ ਮੰਤਰ-ਮੁਗਧ ਕੀਤਾ।

**(ਚਲਦਾ)**

# ਭੈਣਾਂ ਵਰਗਾ ਸਾਕ ਨਾ ਕੋਈ

ਦੁਨੀਆਂ ਦੇ ਸਮੁੱਚੇ ਰਿਸ਼ਤਿਆਂ ਵਿਚੋਂ ਭੈਣ-ਭਰਾ ਦਾ ਰਿਸ਼ਤਾ ਸਰਵੋਤਮ ਹੈ। ਭੈਣ ਦੇ ਚਾਵਾਂ ਦੀ ਮਹਿਕ ਉਨ੍ਹਾਂ ਰਾਹਾਂ ਵਿਚ ਖਿਲਰ ਜਾਂਦੀ ਹੈ ਜਿਨ੍ਹਾਂ ਰਾਹਾਂ ਉਤੋਂ ਉਸ ਦਾ ਵੀਰ ਗੁਜਰਦਾ ਹੈ। ਵੀਰ ਪਿਆਰ ਦੇ ਅਹਿਸਾਸ ਦੀ ਘਾਟ ਤਾਂ ਉਨ੍ਹਾਂ ਭੈਣਾਂ ਦੇ ਸੱਖਣੇ ਦਿਲ ਹੀ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਦੇ ਹੱਥ ਹਰ ਸਾਲ ਆਪਣੇ ਵੀਰਾਂ ਦੇ ਗੁੱਟਾਂ ਉਪਰ ਰੱਖੜੀ ਬੰਨ੍ਹਣ ਲਈ ਤਰਸਦੇ ਰਹਿੰਦੇ ਹਨ।




**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**


ਸਾਲ ਬਾਅਦ ਜਦ ਰੱਖੜੀ ਦਾ ਤਿਉਹਾਰ ਆਉਂਦਾ ਹੈ ਤਾਂ ਉਸਦੀਆਂ ਸਧਰਾਂ ਤੇ ਚਾਅ ਮਾਨੋ ਕੁਮਲਾ ਜਾਂਦੇ ਹਨ। ਰੱਬ ਕੋਲੋਂ ਇਕੋ ਵੀਰ ਮੰਗਦੀ ਹੋਈ ਉਹ ਤਰਲਾ ਕਰ ਉਠਦੀ ਹੈ –

**ਇਕ ਵੀਰ ਦਈਂ ਵੇ ਰੱਬਾ,**
**ਚਿੱਤ ਰੱਖੜੀ ਬੰਨ੍ਹਣ ਨੂੰ ਕਰਦਾ।**

ਤੇ ਫੇਰ ਜਦੋਂ ਭੈਣ ਆਪਣੇ ਸਹੁਰੇ ਘਰ ਚਲੀ ਜਾਂਦੀ ਹੈ ਤਾਂ ਉਸ ਦਾ ਦਿਲ ਵੀਰ ਪਿਆਰ ਲਈ ਮਚਲ ਉਠਦਾ ਹੈ। ਉਸਨੂੰ ਵੀਰ ਦੀ ਯਾਦ ਸਤਾਉਂਦੀ ਹੈ। ਵੀਰ ਦੇ ਵਿਆਹ ਦਾ ਵੀ ਭੈਣ ਨੂੰ ਚਾਅ ਹੁੰਦਾ ਹੈ। ਆਪਣੇ ਵੀਰ ਦੇ ਵਿਆਹ ਦੀ ਖੁਸ਼ੀ ਵਿਚ ਮਾਨੋ ਉਸਦੀ ਧਰਤੀ 'ਤੇ ਅੱਡੀ ਨਹੀਂ ਲੱਗਦੀ। ਉਸਦਾ ਵੀਰ ਜਦੋਂ ਵਿਆਹ ਕਰਵਾ ਕੇ ਚੰਨ ਜਿਹੀ ਵਹੁਟੀ ਲੈ ਆਉਂਦਾ ਹੈ। ਆਪਣੀ ਭਾਬੀ ਦੇ ਮੁੱਖੜੇ ਤੋਂ ਘੁੰਡ ਚੁੱਕਦੀ ਹੋਈ ਉਹ ਖੁਸ਼ੀ ਵਿਚ ਫੁੱਲੀ ਨਹੀਂ ਸਮਾਉਂਦੀ।

ਉਸਦੀ ਸੱਸ ਦੇ ਅੱਖੜ ਸੁਭਾਅ ਨੂੰ ਉਸਦੇ ਵੀਰ ਦੀ ਆਮਦ ਨਾਲ ਜਿਵੇਂ ਸੱਪ ਸੁੰਘ ਜਾਂਦਾ ਹੈ। ਏਥੇ ਹੀ ਬੱਸ ਨਹੀਂ ਉਸਦੀ ਸੱਸ ਤਾਂ ਉਸਦੇ ਵੀਰ ਨੂੰ ਸੁੱਕੀ ਖੰਡ ਹੀ ਰੋਟੀ ਨਾਲ ਪਰੋਸ ਦਿੰਦੀ ਹੈ। ਉਸਦੇ ਮੂੰਹੋਂ ਸੱਸ ਦੀ ਮੱਝ ਨੂੰ ਦੁਰਅਸੀਸ ਹੀ ਨਿਕਲਦੀ ਹੈ।

ਬਾਬਲ ਦੇ ਵਿਹੜੇ ਵਿਚ ਗੁੱਡੀਆਂ ਪਟੋਲੇ ਖੇਡ ਕੇ ਜਵਾਨ ਹੋਈ ਭੈਣ ਦੀ ਸਾਂਝ ਆਪਣੇ ਮਾਂ-ਪਿਉ ਜਾਏ ਵੀਰ ਨਾਲ ਆਖਰੀ ਸੁਆਸਾਂ ਤੱਕ ਚਿਰੰਜੀਵ ਰਹਿੰਦੀ ਹੈ। ਜਦੋਂ ਵੀਰ ਦੇ ਘਰ ਪੁੱਤਰ ਜਨਮ ਲੈਂਦਾ ਹੈ ਤਾਂ ਮਾਨੋ ਬਾਬਲ ਦੇ ਵਿਹੜੇ ਵਿਚ ਚੰਨ ਚੜ੍ਹ ਜਾਂਦਾ ਹੈ।

ਉਸਦਾ ਵੀਰ ਕੰਮਾਂ ਕਾਰਾਂ ਵਿਚ ਗ਼ਲਤਾਨ ਉਸਨੂੰ ਮਿਲਣ ਲਈ ਕਿਤੇ ਕਿਤੇ ਦੇਰੀ ਕਰ ਦਿੰਦਾ ਹੈ ਤਾਂ ਭੈਣ ਦਾ ਦਿਲ ਉਦਾਸ ਹੋ ਜਾਂਦਾ ਹੈ। ਉਹ ਲੁਕ ਲੁਕ ਕੇ ਧੂੰਏਂ ਦਾ ਬਹਾਨਾ ਬਣਾ ਕੇ ਅੱਥਰੂ ਵਹਾਉਣ ਲੱਗ ਪੈਂਦੀ ਹੈ। ਵੀਰ ਦੀ ਚਿੱਠੀ ਵੀ ਪੇਕਿਆਂ ਦੀ ਸੁਖ ਸਾਂਦ ਉਸ ਕੋਲ ਪਹੁੰਚਾਉਂਦੀ ਰਹਿੰਦੀ ਹੈ। ਦੂਰ ਪਰਦੇਸ਼ਾਂ ਵਿਚ ਬੈਠੀ ਉਹ ਵੀਰ ਦੀ ਚਿੱਠੀ ਦੀ ਉਡੀਕ ਵਿਚ ਉਤਾਵਲੀ ਹੋ ਜਾਂਦੀ ਹੈ। ਭੈਣ ਨੂੰ ਆਪਣੇ ਵੀਰ ਦੇ ਅਹੁਦੇ 'ਤੇ ਵੀ ਕੋਈ ਘੱਟ ਮਾਣ ਨਹੀਂ ਹੁੰਦਾ। ਆਪਣੀਆਂ ਆਂਢਣਾਂ-ਗੁਆਂਢਣਾਂ ਨੂੰ ਬੜੇ ਫ਼ਖਰ ਨਾਲ ਉਹ ਦੱਸਦੀ ਹੈ-

**ਥਾਣੇਦਾਰ ਦੇ ਬਰੋਬਰ ਡਹਿੰਦੀ,**
**ਨੀ ਕੁਰਸੀ ਮੇਰੇ ਵੀਰ ਦੀ।**

ਇਸ ਵਿਚ ਕੋਈ ਸ਼ੱਕ ਨਹੀਂ ਕਿ ਧੀਆਂ ਪਰਾਇਆ ਧਨ ਹੁੰਦੀਆਂ ਹਨ। ਕੁਆਰੀ ਹੁੰਦੀ ਸਮੇਂ ਉਸਦੇ ਰਾਜ਼ ਜਿਥੇ ਮਾਂ ਨਾਲ ਸਾਂਝੇ ਹੁੰਦੇ ਹਨ ਉਥੇ ਵਿਆਹ ਤੋਂ ਬਾਅਦ ਉਹ ਆਪਣੇ ਵੀਰ ਨਾਲ ਦੁੱਖੜੇ ਸਾਂਝੇ ਕਰਦੀ ਰਹਿੰਦੀ ਹੈ।

ਆਓ ਪਰਮ ਪਰਮਾਤਮਾ ਅੱਗੇ ਅਰਦਾਸ ਕਰੀਏ ਕਿ ਇਸ ਪਵਿੱਤਰ ਤਿਉਹਾਰ 'ਤੇ ਸਾਰਿਆਂ ਦੇ ਵਿਹੜੇ ਖੁਸ਼ੀਆਂ ਨਾਲ ਭਰੇ ਰਹਿਣ।

## ਸਰਕਾਰ ਵੱਲੋਂ ਰਾਸ਼ਟਰਮੰਡਲ ਖੇਡਾਂ ਵਿਚ ਤਮਗਾ ਜੇਤੂ ਹਰਜਿੰਦਰ ਕੌਰ ਲਈ 40 ਲੱਖ ਰੁਪਏ ਦੇ ਨਕਦ ਇਨਾਮ ਦਾ ਐਲਾਨ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਬਰਮਿੰਘਮ (ਯੂ.ਕੇ.) ਵਿਖੇ ਚੱਲ ਰਹੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਕਾਂਸੇ ਦਾ ਤਮਗਾ ਜਿੱਤਣ ਵਾਲੀ ਵੇਟਲਿਫਟਰ ਹਰਜਿੰਦਰ ਕੌਰ ਲਈ 40 ਲੱਖ ਰੁਪਏ ਦੇ ਨਗਦ ਇਨਾਮ ਦਾ ਐਲਾਨ ਕੀਤਾ।

ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਹਰਜਿੰਦਰ ਕੌਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਾਭਾ ਨੇੜਲੇ ਪਿੰਡ ਮੈਹਸ ਦੀ ਉਭਰਦੀ ਖਿਡਾਰਨ ਨੇ ਇਸ ਵਿਲੱਖਣ ਪ੍ਰਾਪਤੀ ਨਾਲ ਮੁਲਕ ਦਾ ਨਾਂ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਖੇਡ ਨੀਤੀ ਅਨੁਸਾਰ ਉਸ ਨੂੰ 40 ਲੱਖ ਰੁਪਏ ਦਾ ਨਗਦ ਇਨਾਮ ਦੇਵੇਗੀ। ਭਗਵੰਤ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਹਰਜਿੰਦਰ ਕੌਰ ਦੀ ਇਹ ਮਾਣਮੱਤੀ ਪ੍ਰਾਪਤੀ ਹੋਰਨਾਂ ਖਿਡਾਰੀਆਂ ਖਾਸ ਕਰਕੇ ਲੜਕੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਅਤੇ ਦੇਸ ਦਾ ਨਾਮ ਚਮਕਾਉਣ ਲਈ ਪ੍ਰੇਰਿਤ ਕਰੇਗੀ।

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

## ਸਾਹਿਤ ਅਕਾਦਮੀ ਪੁਰਸਕਾਰ ਜੇਤੂ ਪੁਸਤਕਾਂ

| | | | |
|---|---|---|---|
| 1. | ਮੇਰੇ ਸਾਈਆਂ ਜੀਉ | ਭਾਈ ਵੀਰ ਸਿੰਘ | (ਕਵਿਤਾ) |
| 2. | ਸੁਨੇਹੜੇ | ਅੰਮ੍ਰਿਤਾ ਪ੍ਰੀਤਮ | (ਕਵਿਤਾ) |
| 3. | ਵੱਡਾ ਵੇਲਾ | ਮੋਹਣ ਸਿੰਘ | (ਕਵਿਤਾ) |
| 4. | ਇਕ ਮਿਆਨ ਦੋ ਤਲਵਾਰਾਂ | ਨਾਨਕ ਸਿੰਘ | (ਨਾਵਲ) |
| 5. | ਰੰਗਮੰਚ | ਬਲਵੰਤ ਗਾਰਗੀ | (ਅਲੋਚਨਾ) |
| 6. | ਇਕ ਛਿੱਟ ਚਾਨਣ ਦੀ | ਕਰਤਾਰ ਸਿੰਘ ਦੁੱਗਲ | (ਕਹਾਣੀ) |
| 7. | ਲੂਣਾ | ਸ਼ਿਵ ਕੁਮਾਰ ਬਟਾਲਵੀ | (ਕਵਿਤਾ) |
| 8. | ਨਵੇਂ ਲੋਕ | ਕੁਲਵੰਤ ਸਿਘ ਵਿਰਕ | (ਕਹਾਣੀ) |
| 9. | ਨਾਂ ਧੁੱਪੇ ਨਾਂ ਛਾਂਵੇ | ਹਰਭਜਨ ਸਿੰਘ | (ਕਵਿਤਾ) |
| 10. | ਏਹੁ ਹਮਾਰਾ ਜੀਵਣਾ | ਦਲੀਪ ਕੌਰ ਟਿਵਾਣਾ | (ਨਾਵਲ) |
| 11. | ਮਿੱਤਰ ਪਿਆਰਾ | ਸੰਤ ਸਿੰਘ ਸੇਖੋਂ | (ਨਾਟਕ) |
| 12. | ਉਰਵਾਰ ਪਾਰ | ਗੁਰਮੁਖ ਸਿੰਘ ਮੁਸਾਫ਼ਰ | (ਕਹਾਣੀ) |

*****

1. ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ?
(ੳ) ਰੋਮਨ (ਅ) ਦੇਵਨਾਗਰੀ
(ੲ) ਪੁਆਧੀ (ਸ) ਗੁਰਮੁਖੀ (ਸ)

2. ਪੰਜਾਬੀ ਭਾਸ਼ਾ ਦੀ ਕੇਂਦਰੀ ਜਾਂ ਟਕਸਾਲੀ ਭਾਸ਼ਾ ਕਿਹੜੀ ਹੈ?
(ੳ) ਦੁਆਬੀ (ਅ) ਮਾਂਝੀ
(ੲ) ਮਲਵਈ (ਸ) ਪੋਠੋਹਾਰੀ (ਅ)

3. ਇਨ੍ਹਾਂ ਵਿਚੋਂ ਕਿਹੜੀ ਉਪ ਬੋਲੀ ਪੰਜਾਬ ਵਿਚ ਨਹੀਂ ਬੋਲੀ ਜਾਂਦੀ?
(ੳ) ਪੋਠੋਹਾਰੀ (ਅ) ਪਵਾਧੀ
(ੲ) ਮਾਝੀ (ਸ) ਮਲਵਈ (ੳ)

4. ਪੰਜਾਬੀ ਦੀ ਉਪ ਬੋਲੀ ਦੁਆਬੀ ਇਨ੍ਹਾਂ ਜ਼ਿਲ੍ਹਿਆਂ ਵਿਚੋਂ ਕਿਸ ਜ਼ਿਲ੍ਹੇ ਵਿਚ ਨਹੀਂ ਬੋਲੀ ਜਾਂਦੀ?
(ੳ) ਕਪੂਰਥਲਾ (ਅ) ਜਲੰਧਰ
(ੲ) ਹੁਸ਼ਿਆਰਪੁਰ (ਸ) ਫਰੀਦਕੋਟ (ਸ)

5. ਇਨ੍ਹਾਂ ਵਿਚ ਕਿਸ ਜ਼ਿਲ੍ਹੇ ਵਿਚ ਪੰਜਾਬੀ ਉਪ ਬੋਲੀ ਮਾਝੀ ਬੋਲੀ ਜਾਂਦੀ ਹੈ?
(ੳ) ਸੰਗਰੂਰ (ਅ) ਗੁਰਦਾਸਪੁਰ
(ੲ) ਜਲੰਧਰ (ਸ) ਮਾਨਸਾ (ਅ)

6. ਇਨ੍ਹਾਂ ਵਿਚੋਂ ਕਿਸ ਨੂੰ ਪੰਜਾਬੀ ਕਾਵਿ ਦਾ ਪਿਤਾਮਾ ਮੰਨਿਆ ਜਾਂਦਾ ਹੈ?
(ੳ) ਬਾਬਾ ਫਰੀਦ (ਅ) ਗੁਰੂ ਅਰਜਨ ਦੇਵ ਜੀ
(ੲ) ਭਾਈ ਗੁਰਦਾਸ ਜੀ (ਸ) ਵਾਰਿਸ ਸ਼ਾਹ (ੳ)

7. ਇਨ੍ਹਾਂ ਵਿਚੋਂ ਕਿਸ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਮੰਨਿਆ ਜਾਂਦਾ ਹੈ?
(ੳ) ਗੁਰਦਿਆਲ ਸਿੰਘ (ਅ) ਨਾਨਕ ਸਿੰਘ
(ੲ) ਸੰਤ ਸਿੰਘ ਸੇਖੋਂ (ਸ) ਗੁਰਦਿਆਲ ਸਿੰਘ ਢੱਲ (ਅ)

8. ਇਨ੍ਹਾਂ ਵਿਚੋਂ ਕਿਸ ਨੂੰ ਪੰਜਾਬੀ ਸਾਹਿਤਕਾਰ ਦਾ ਬਾਬਾ ਬੋਹੜ ਕਹਿੰਦੇ ਹਨ?
(ੳ) ਬਲਵੰਤ ਗਾਰਗੀ (ਅ) ਨਾਨਕ ਸਿੰਘ
(ੲ) ਸੰਤ ਸਿੰਘ ਸੇਖੋਂ (ਸ) ਜਸਵੰਤ ਸਿੰਘ ਕਮਲ (ੲ)

9. ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਿਉਂ ਕਹਿੰਦੇ ਹਨ?
(ੳ) ਇਨ੍ਹਾਂ ਤੋਂ ਬਿਨਾਂ ਬਾਣੀ ਦੀ ਸਮਝ ਨਹੀਂ ਆ ਸਕਦੀ
(ਅ) ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂ ਵਿਚ ਦਰਜ ਹਨ
(ੲ) ਇਹਨਾਂ ਵਿਚ ਬਾਣੀ ਦੇ ਮੂਲ ਸਿਧਾਂਤ ਦੀ ਸਰਲ ਵਿਆਖਿਆ ਹੈ
(ਸ) ਇਹ ਗੁਰਬਾਣੀ ਦਾ ਅਤਿ ਮਹੱਤਵਪੂਰਨ ਅੰਗ ਹਨ (ੲ)

10. ਬਾਬਾ ਫਰੀਦ ਸ਼ੱਕਰਗੰਜ ਦਾ ਸਬੰਧ ਕਿਸ ਸੂਫ਼ੀ ਸੰਪ੍ਰਦਾਇ ਨਾਲ ਸੀ?
(ੳ) ਕਾਦਰੀ (ਅ) ਨਕਸ਼ਬੰਦੀ
(ੲ) ਸੁਹਰਾਵਰਦੀ (ਸ) ਚਿਸ਼ਤੀ (ੲ)

**ਸਿੱਖ ਸ਼ਖ਼ਸ਼ੀਅਤ**

# ਪ੍ਰਿਥੀਪਾਲ ਸਿੰਘ (1932-1983)

ਇਹ ਇਕ ਅਜਿਹਾ ਖਿਡਾਰੀ ਹੈ ਜਿਸ ਨੇ ਲਗਾਤਾਰ ਤਿੰਨ ਓਲੰਪਿਕ ਖੇਡਾਂ-ਰੋਮ (1960), ਟੋਕੀਓ (1964) ਅਤੇ ਮੈਕਸੀਕੋ (1968) ਵਿਚ ਸਭ ਤੋਂ ਵੱਧ ਗੋਲ ਕਰਕੇ ਰਿਕਾਰਡ ਆਪਣੇ ਨਾਮ ਕਰਵਾਇਆ, ਜਿਸ ਤੋਂ ਇਹ ਸਪੱਸ਼ਟ ਹੈ ਕਿ ਹਾਕੀ ਦੇ ਖੇਤਰ ਵਿਚ ਕਿੰਨਾ ਚਿਰ ਉਸ ਨੇ ਆਪਣਾ ਸਿੱਕਾ ਜਮਾਈ ਰੱਖਿਆ। 1960 ਦੀਆਂ ਰੋਮ ਓਲੰਪਿਕ ਖੇਡਾਂ ਵਿਚ 22 ਵਿਚੋਂ 11 ਗੋਲ ਦਾਗ ਕੇ ਇਹ ਵਿਸ਼ਵ ਦਾ ਸਰਵਉੱਚ ਰੱਖਿਅਕ ਪੰਕਤੀ ਖਿਡਾਰੀ ਚੁਣਿਆ ਗਿਆ। ਪੈਨਲਟੀ ਕਾਰਨਰ ਰਾਹੀਂ ਗੋਲ ਦਾਗਣ ਕਾਰਨ ਉਸ ਵਕਤ ਦੇ ਮੀਡੀਆ ਵਿਚ ਇਹ 'ਪੈਨਲਟੀ ਕਾਰਨਰ ਕਿੰਗ' ਦੇ ਨਾਮ ਨਾਲ ਪ੍ਰਚਲਿਤ ਹੋ ਗਿਆ ਸੀ। 1967 ਵਿਚ ਉਸ ਨੂੰ ਯੁਗੈਂਡਾ ਜਾਣ ਵਾਲੀ ਹਾਕੀ ਟੀਮ ਦਾ ਕਪਤਾਨ ਚੁਣ ਲਿਆ ਗਿਆ। ਆਪਣੀ ਕਪਤਾਨੀ ਹੇਠ ਉਸ ਨੇ ਦੇਸ਼ ਲਈ ਮੈਕਸੀਕੋ ਉਲੰਪਿਕ ਗੋਲਡ ਪ੍ਰਾਪਤ ਕੀਤਾ। 1960 ਦੀਆਂ ਬੈਂਕਾਕ ਖੇਡਾਂ ਵਿਚ ਹਾਕੀ ਦੀ ਜਿੱਤ ਵਿਚ ਪ੍ਰਿਥੀਪਾਲ ਸਿੰਘ ਦੀ ਭੂਮਿਕਾ ਸਲਾਹੁਣਯੋਗ ਸੀ।



ਵਿਰੋਧ ਟੀਮ (ਖਾਸ ਕਰਕੇ ਪਾਕਿਸਤਾਨ ਦੀ) ਵਿਚ ਤਰਥੱਲੀ ਮਚਾਉਣ ਵਿਚ ਪ੍ਰਿਥੀਪਾਲ ਸਿੰਘ ਮਾਹਿਰ ਸੀ। ਇਸ ਟੀਮ ਦੇ ਖਿਡਾਰੀ ਪ੍ਰਿਥੀਪਾਲ ਸਿੰਘ ਦਾ ਸਾਹਮਣਾ ਕਰਨ ਤੋਂ ਕਤਰਾਉਂਦੇ ਸਨ, ਉਸ ਦੀ ਹਿੱਟ ਏਨੀ ਜ਼ੋਰਦਾਰ ਹੁੰਦੀ ਸੀ ਕਿ ਵਿਰੋਧੀ ਕਿਸੇ ਸੱਟ ਤੋਂ ਬਚਣ ਕਾਰਨ ਇਸ ਦੇ ਸ਼ਾਟ ਨੂੰ ਰੋਕਣ ਤੋਂ ਅਸਮਰੱਥ ਹੋ ਜਾਂਦੇ ਸਨ। ਪ੍ਰਿਥੀਪਾਲ ਸਿੰਘ ਦੀ ਖੇਡ ਸਦਕਾ ਭਾਰਤ ਨੇ ਤਿੰਨ ਓਲੰਪਿਕਸ ਵਿਚ ਆਪਣੇ ਝੰਡੇ ਗੱਡੀ ਰੱਖੇ ਸਨ, ਜਿਵੇਂ ਕਿ ਅਸੀਂ ਉਸ ਦੀ ਜ਼ੋਰਦਾਰ ਹਿੱਟ ਦੀ ਗੱਲ ਪਹਿਲਾਂ ਕੀਤੀ ਹੈ ਕਈ ਵਾਰੀ ਉਸ ਦੀ ਹਿੱਟ ਗੋਲ ਪੋਸਟ ਦਾ ਨੈੱਟ ਪਾੜ ਕੇ ਪਾਰ ਹੋ ਜਾਂਦੀ ਸੀ ਅਤੇ ਇਸੇ ਕਰਕੇ ਸਪੋਰਟਸ ਅਧਿਕਾਰੀਆਂ ਨੂੰ ਪੈਨਲਟੀ ਕਾਰਨਰ ਦੇ ਨਿਯਮਾਂ ਵਿਚ ਤਬਦੀਲੀ ਲਿਆਉਣੀ ਪਈ।

ਉਸ ਨੂੰ 1961 ਵਿਚ ਅਰਜੁਨਾ ਐਵਾਰਡ, ਪਦਮਸ੍ਰੀ 1966 ਵਿਚ ਅਤੇ ਰੇਲਵੇ ਮਨਿਸਟਰ ਮੈਡਲ ਨਾਲ ਸਨਮਾਨਿਤ ਕੀਤਾ ਗਿਆ। 20 ਮਈ 1983 ਨੂੰ ਕੁਝ ਅਣਪਛਾਤੇ ਵਿਅਕਤੀਆਂ ਨੇ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਅਜੇ ਵੀ ਉਸ ਨੂੰ 'ਪੈਨਲਟੀ ਕਾਰਨਰ ਦੇ ਕਿੰਗ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

# ਚਰਖਾ

ਜਰਨੈਲ ਸਿੰਘ ਮੱਖਣ
ਫ਼ੋਨ - 94174-03359

**ਓਥੇ ਲੈ ਚੱਲ ਚਰਖਾ ਮੇਰਾ, ਜਿੱਥੇ ਤੇਰੇ ਹਲ ਵਗਦੇ।**

..........

**ਜੋਗੀ ਉਤਰ ਪਹਾੜੋਂ ਆਏ, ਚਰਖੇ ਦੀ ਘੂਕ ਸੁਣ ਕੇ।**

ਬਹੁਤਾ ਸਮਾਂ ਨਹੀਂ ਹੋਇਆ, ਜਦੋਂ ਲੱਗਭੱਗ ਹਰੇਕ ਪੰਜਾਬੀ ਦੀ ਜ਼ੁਬਾਨ ਤੇ ਚਰਖੇ ਦਾ ਜ਼ਿਕਰ ਹੋਇਆ ਕਰਦਾ ਸੀ। ਪੰਜਾਬੀ ਲੋਕ ਗੀਤਾਂ ਤੋਂ ਇਲਾਵਾ ਗਾਇਕਾਂ ਦੇ ਅਖਾੜਿਆਂ ਦੇ ਗੀਤਾਂ ਵਿੱਚ ਵੀ ਚਰਖੇ ਦਾ ਜ਼ਿਕਰ ਹੁੰਦਾ ਸੀ। ਚਰਖਾ ਸਾਡੇ ਬੀਤ ਚੁੱਕੇ ਵਿਰਸੇ ਦਾ ਮਹੱਤਵਪੂਰਨ ਅੰਗ ਸੀ ਅਤੇ ਚਰਖੇ ਦਾ ਯੋਗਦਾਨ ਘਰ ਦੀ ਆਰਥਿਕਤਾ ਨੂੰ ਸਥਿਰ ਰੱਖਣ ਲਈ ਵੀ ਹੁੰਦਾ ਸੀ। ਚਰਖੇ ਨਾਲ ਕੱਤੇ ਹੋਏ ਸੂਤ ਦੀਆਂ ਦਰੀਆਂ, ਖੇਸੀਆਂ, ਚਾਦਰਾਂ ਅਤੇ ਹੋਰ ਕੱਪੜਾ ਤਿਆਰ ਕਰਨ ਵਾਸਤੇ ਵਰਤਿਆ ਜਾਂਦਾ ਸੀ। ਚਰਖੇ ਦੀ ਪੰਜਾਬੀ ਜਨ ਜੀਵਨ ਵਿੱਚ ਮਹੱਤਤਾ ਕਾਰਨ ਹੀ ਪੰਜਾਬਣ ਮੁਟਿਆਰ ਨੂੰ ਚਰਖੇ ਵਿਚੋਂ ਆਪਣੇ ਅੰਗਾਂ ਸਾਕਾਂ ਦਾ ਵਜੂਦ ਨਜ਼ਰ ਆਉਂਦਾ ਸੀ—

**ਚਰਖਾ ਮੇਰਾ ਰੰਗ ਰੰਗੀਲਾ, ਮੁੰਨੇ ਮੇਰੇ ਭਾਈ।**
**ਗੁੱਡੀਆਂ ਮੇਰੀ ਸਕੀਆਂ ਭੈਣਾਂ, ਮਾਲ੍ਹ ਵੱਡੀ ਭਰਜਾਈ।**
**ਸੋਹਣੇ ਚਰਖੇ ਤੋਂ ਮੈਂ ਜਿੰਦੜੀ ਘੋਲ ਘੁਮਾਈ।**

ਇਹੋ ਹੀ ਕਾਰਨ ਸੀ ਜਿਸ ਕਾਰਨ ਪੰਜਾਬਣ ਮੁਟਿਆਰ ਚਰਖੇ ਤੋਂ ਵਿਛੜਨਾ ਨਹੀਂ ਸੀ ਚਾਹੁੰਦੀ ਤੇ ਚਰਖਾ ਉਸਦੀ ਜਿੰਦ ਜਾਨ ਸੀ। ਇਸੇ ਕਰਕੇ ਹੀ ਉਹ ਆਪਣੇ ਹਾਣੀ ਮਾਹੀ ਨੂੰ ਅਰਜ਼ੋਈਆਂ ਕਰਦੀ ਹੈ ਕਿ ਉਹ ਉਸਦਾ ਚਰਖਾ ਉਥੇ ਲੈ ਚੱਲੇ ਜਿੱਥੇ ਉਹ ਆਪਣਾ ਕਿੱਤਾ ਕਰਦਾ ਭਾਵ ਹਲ ਵਾਹੁੰਦਾ ਹੈ ਤਾਂ ਜੁ ਦੋਵੇਂ ਜੀਅ ਇੱਕ ਦੂਜੇ ਦੀਆਂ ਨਜ਼ਰਾਂ ਦੇ ਸਾਹਮਣੇ ਵੀ ਹੋਣ ਅਤੇ ਆਪਣਾ ਰੁਜ਼ਗਾਰ ਮੁਖੀ ਕਿੱਤਾ ਵੀ ਕਰਦੇ ਰਹਿ ਸਕਣ। ਜੇ ਕਿਸੇ ਕਾਰਨ ਮੁਟਿਆਰ ਦੇ ਪਤੀ ਨੂੰ ਰੋਜ਼ੀ ਰੋਟੀ ਖਾਤਰ ਪ੍ਰਦੇਸ ਦਾ ਰੁੱਖ ਅਖਤਿਆਰ ਕਰਨਾ ਪੈ ਜਾਂਦਾ ਤਾਂ ਵੀ ਬਿਰਹਾ ਦੇ ਸੱਲ ਦੀ ਭੰਨੀ ਹੋਈ ਮੁਟਿਆਰ ਆਪਣੇ ਦਿਲ ਦੀ ਵੇਦਨਾ ਸਾਂਝੀ ਕਰਨ ਲਈ ਚਰਖੇ ਨੂੰ ਪ੍ਰਤੀਕ ਬਣਾ ਕੇ ਪੁਕਾਰ ਉਠਦੀ ਹੈ—


**ਚਰਖਾ ਮੈਂ ਆਪਣਾ ਕੱਤਾਂ, ਤੰਦ ਤੇਰਿਆਂ ਦੁੱਖਾਂ ਦੇ ਪਾਵਾਂ।**

ਚਰਖੇ ਨਾਲ ਪੰਜਾਬਣ ਮੁਟਿਆਰ ਦੀ ਅਜੇਹੀ ਪ੍ਰੀਤ ਦਾ ਵਰਨਣ ਪੰਜਾਬੀ ਗਾਇਕਾਂ ਨੇ ਵੀ ਆਪਣੇ ਗੀਤਾਂ ਵਿੱਚ ਕੀਤਾ। ਰੇਡੀਓ ਉਤੇ ਆਮ ਹੀ ਇਹ ਗੀਤ ਸੁਨਣ ਨੂੰ ਮਿਲਦਾ ਸੀ—

**ਮੈਂ ਕੱਤਾਂ ਪ੍ਰੀਤਾਂ ਨਾਲ, ਚਰਖਾ ਚੰਦਨ ਦਾ,**
**ਸ਼ਾਵਾ ਚਰਖਾ ਚੰਦਨ ਦਾ.......**

**ਇਹ ਵਿਕਦਾ ਈ, ਵੱਡੇ ਬਜ਼ਾਰ, ਚਰਖਾ ਚੰਦਨ ਦਾ,**
**ਸ਼ਾਵਾ ਚਰਖਾ ਚੰਦਨ ਦਾ .......**

ਇਸ ਗੀਤ ਵਿੱਚ ਚਰਖੇ ਨਾਲ ਪੰਜਾਬਣ ਮੁਟਿਆਰ ਦੀ ਪ੍ਰੀਤ ਦਾ ਵਰਨਣ ਤਾਂ ਹੈ ਹੀ ਪਰ ਨਾਲ ਚਰਖੇ ਨੂੰ ਬਨਾਉਣ ਵਾਸਤੇ ਵਰਤੀ ਗਈ ਲੱਕੜ (ਚੰਦਨ) ਦਾ ਵੀ ਜ਼ਿਕਰ ਆਉਂਦਾ ਹੈ। ਭਾਵੇਂ ਇਸ ਗੀਤ ਵਿੱਚ



ਚੰਦਨ ਦੀ ਵਰਤੀ ਗਈ ਲੱਕੜ ਦਾ ਜ਼ਿਕਰ ਹੈ ਪਰ ਪੰਜਾਬ ਵਿੱਚ ਚਰਖਾ ਆਮ ਤੌਰ ਤੇ ਕਾਲੀ ਟਾਹਲੀ ਦਾ ਹੀ ਬਣਾਇਆ ਜਾਂਦਾ ਸੀ। ਇਸ ਦਾ ਕਾਰਨ ਇਸ ਲੱਕੜ ਦੀ ਮਜ਼ਬੂਤੀ ਹੋਣਾ ਸੀ ਅਤੇ ਇਸ ਲੱਕੜ ਦਾ ਬਣਿਆ ਹੋਇਆ ਚਰਖਾ ਬਹੁਤ ਹੰਢਣਸਾਰ ਹੁੰਦਾ ਸੀ। ਉਂਝ ਵੀ ਜਿਹੜੀ ਵਸਤ ਕਿਸੇ ਨੂੰ ਜਾਨੋਂ ਵੱਧ ਪਿਆਰੀ ਹੋਵੇ ਉਸ ਨੂੰ ਬਨਾਉਣ ਵਾਸਤੇ ਉਚੇਚਾ ਧਿਆਨ ਦਿੱਤਾ ਜਾਂਦਾ ਹੈ। ਇਸੇ ਲਈ ਚਰਖਾ ਬਨਾਉਣ ਵਾਲੇ ਤਰਖਾਣ ਨੂੰ ਉਚੇਚੀ ਤਾਕੀਦ ਕੀਤੀ ਜਾਂਦੀ ਸੀ ਤੇ ਆਖਿਆ ਜਾਂਦਾ ਸੀ, **''ਮੇਰੇ ਜਿਗਰ ਦਿਆ ਤਰਖਾਣਾ ! ਚਰਖਾ ਚੰਗੀ ਲੱਕੜ ਦਾ ਬਨਾਣਾ।'** ਇਹ ਤੁਕ ਚਰਖਾ ਬਨਵਾਉਣ ਲਈ ਪਾਈ ਜਾਂਦੀ ਰੀਝ ਦਾ ਚੰਗਾ ਪ੍ਰਗਟਾਵਾ ਕਰ ਦਿੰਦੀ ਹੈ। ਇਸੇ ਰੀਝ ਨੂੰ ਦੇਖਦਿਆਂ ਚਰਖਾ ਬਨਾਉਣ ਵਾਲਾ ਕਾਰੀਗਰ ਇਸ ਉੱਤੇ ਜੀਅ ਜਾਨ ਨਾਲ ਮੇਹਨਤ ਕਰਦਾ ਅਤੇ ਇਸ ਨੂੰ ਪੂਰੀ ਤਰ੍ਹਾਂ ਦਰਸ਼ਨੀ ਬਨਾਉਣ ਦੀ ਕੋਸ਼ਿਸ਼ ਕਰਦਾ। ਚਰਖੇ ਦੇ ਫੱਟਾਂ ਉੱਤੇ ਸ਼ੀਸ਼ੇ ਜੜ੍ਹੇ ਜਾਂਦੇ ਸਨ ਤਾਂ ਜੁ ਚਰਖਾ ਦੇਖਣ ਦੇ ਪੱਖੋਂ ਸੁੰਦਰ ਲੱਗ ਸਕੇ। ਰੰਗ ਰੋਗਨ ਕਰਕੇ ਚਰਖੇ ਨੂੰ ਖੂਬ ਸ਼ਿੰਗਾਰਿਆ ਜਾਂਦਾ ਸੀ। ਨਵੇਂ ਚਰਖੇ ਦੀ ਨੁਹਾਰ ਦੇਖਣ ਵਾਲੀ ਹੀ ਹੁੰਦੀ ਸੀ। ਅਜਿਹਾ ਸੁੰਦਰ ਚਰਖਾ ਦੇਖ ਕੇ ਮੁਟਿਆਰ ਪੁਕਾਰ ਉਠਦੀ—

**'ਚਰਖਾ ਤਾਂ ਮੇਰਾ ਤ੍ਰਿੰਝਣਾ ਦਾ ਸਰਦਾਰ ਨੀ ਮਾਏ'**

ਅਜਿਹੇ ਚਰਖੇ ਦੀ ਮਾਲਕ ਮੁਟਿਆਰ ਦੀਆਂ ਸਾਰੀਆਂ ਸਹੇਲੀਆਂ ਅਤੇ ਤ੍ਰਿੰਝਣ ਵਿੱਚ ਕੱਤਣ ਵਾਲੀਆਂ ਸਾਰੀਆਂ ਮੁਟਿਆਰਾਂ ਵਧੀਆ ਅਤੇ ਸੁੰਦਰ ਚਰਖਾ ਦੇਖ ਕੇ ਉਸ ਚਰਖੇ ਨਾਲ ਕੱਤਣ ਵਾਲੀ ਮੁਟਿਆਰ

ਦੀਆਂ ਸਿਫਤਾਂ ਕਰਦੀਆਂ ਨਾ ਥੱਕਦੀਆਂ। ਮੁਟਿਆਰਾਂ ਚਰਖਾ ਬਨਾਉਣ ਵਾਲੇ ਕਾਰੀਗਰ ਦੀਆਂ ਵੀ ਸਿਫਤਾਂ ਕਰਦੀਆਂ ਅਤੇ ਉਸ ਨੂੰ ਵਧਾਈ ਦੇਣ ਦਾ ਗੱਲ ਕਰਦੀਆਂ—

**ਕਾਰੀਗਰ ਨੂੰ ਦਿਉ ਵਧਾਈ, ਜੀਹਨੇ ਇਹ ਬਣਾਇਆ।**
**ਖੂਬ ਖਰਾਦੇ, ਮੁੰਨੇ ਗੁੱਡੀਆਂ, ਗੋਲ ਮਝੇਰੂ ਪਾਇਆ।**
**ਮੇਖਾਂ ਲਾ ਸੁਨਹਿਰੀ ਇਸਨੂੰ ਸ਼ੀਸ਼ਿਆਂ ਜੜਤ ਜੜਾਇਆ।**
**ਚਾਂਦੀ ਰੰਗੀਆਂ ਪੱਤੀਆਂ ਲਾ ਕੇ, ਸੋਹਣਾ ਰੰਗ ਚੜ੍ਹਾਇਆ।**
**ਬੀੜੇ ਦੇ ਨਾਲ ਖਹੇ ਦਮਕੜਾ, ਤੱਕਲਾ ਫਿਰੇ ਸਵਾਇਆ।**
**ਕੱਤ ਲੈ ਹੀਰੇ ਨੀ, ਵਿਆਹ ਅੱਸੂ ਦਾ ਆਇਆ।**

ਚਰਖਾ ਦਾਜ ਵਿੱਚ ਵੀ ਦਿੱਤਾ ਜਾਂਦਾ ਸੀ। ਇਸ ਕਾਰਨ ਚਰਖੇ ਦੀ ਬਣਵਾਈ ਲਈ ਪੂਰਾ ਜ਼ੋਰ ਲਾ ਦਿੱਤਾ ਜਾਂਦਾ ਸੀ। ਰੰਗ ਰੋਗਨ ਕਰਕੇ ਪਿੱਤਲ ਦੇ ਫੁੱਲਾਂ ਅਤੇ ਸ਼ੀਸ਼ਿਆਂ ਦੀ ਜੜਤ ਵਾਲੇ ਦਿਲ ਖਿੱਚਵੇਂ ਚਰਖੇ ਦੀ ਸੁੰਦਰਤਾ ਦੇਖਦਿਆਂ ਹੀ ਮੁਟਿਆਰ ਦੇ ਸਹੁਰੇ ਘਰ ਵਿੱਚ ਅਤੇ ਆਂਢ-ਗੁਆਂਢ ਵਿੱਚ ਉਸ ਦੀਆਂ ਸਿਫਤਾਂ ਦੇ ਪੁਲ ਬੱਝ ਜਾਂਦੇ ਸਨ। ਸੁਭਾਵਿਕ ਸੀ ਕਿ ਇਹੋ ਜਿਹਾ ਸੁੰਦਰ ਚਰਖਾ ਕੱਤਣ ਵੇਲੇ ਮੁਟਿਆਰ ਨੂੰ ਆਪਣੇ ਪੇਕਿਆਂ ਦੀ ਮਾਣ ਭਰੀ ਯਾਦ ਦਿਵਾ ਦੇਵੇ। ਇਸੇ ਮਾਣ ਭਰੀ ਯਾਦ ਕਾਰਨ ਹੀ ਮੁਟਿਆਰ ਦੇ ਮੂੰਹੋਂ ਸੁੱਤੇ ਸਿੱਧ ਬੋਲ ਨਿਕਲਦੇ—

**ਚਰਖਾ ਮੇਰਾ ਰੰਗ ਬਰੰਗਾ, ਵਿੱਚ ਸੋਨੇ ਦੀਆਂ ਮੇਖਾਂ।**
**ਵੀਰਾ ਤੈਨੂੰ ਯਾਦ ਕਰਾਂ, ਜਦ ਚਰਖੇ ਵੱਲ ਵੇਖਾਂ।**
.........
**ਡਾਹਵਾਂ ਚਰਖਾ ਤੇ ਪਾਉਨੀ ਆਂ ਤੰਦ ਵੇ।**
**ਮਾਪੇ ਮਿਲਦੇ ਤਾਂ ਪੈ ਜਾਂਦੀ ਠੰਢ ਵੇ।**

ਚਰਖੇ ਦਾ ਬਹੁਤਾ ਸੰਬੰਧ ਔਰਤਾਂ ਨਾਲ ਹੀ ਹੁੰਦਾ ਸੀ। ਇਸ ਲੇਖ ਦੇ ਸ਼ੁਰੂ ਵਿੱਚ ਜ਼ਿਕਰ ਕੀਤਾ ਹੈ ਕਿ ਪੰਜਾਬੀ ਜਨ ਜੀਵਨ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਚਰਖੇ ਦਾ ਹੁੰਦਾ ਸੀ। ਪਿੰਡ ਦੇ ਖੇਤਾਂ ਵਿੱਚ ਹੀ ਉੱਗੀ, ਬੀਜੀ, ਕਪਾਹ ਦਾ ਰੂੰ ਬਣਾਇਆ ਜਾਂਦਾ। ਇਹੀ ਸੂਤ ਅਗਾਂਹ ਪਹਿਨਣ ਵਾਸਤੇ ਖੱਦਰ ਦੇ ਕੱਪੜੇ, ਖੇਸ, ਦਰੀਆਂ, ਚਾਦਰਾਂ ਅਤੇ ਫੁਲਕਾਰੀਆਂ ਬਨਾਉਣ ਦੇ ਕੰਮ ਆਉਂਦਾ। ਵਿੱਦਿਆ ਦਾ ਪਸਾਰਾ ਤਾਂ ਹੈ ਨਹੀਂ ਸੀ। ਇਸ ਲਈ ਸੁਰਤ ਸੰਭਾਲਦੀਆਂ ਕੁੜੀਆਂ ਨੂੰ ਚਰਖੇ ਤੇ ਬਿਠਾ ਕੇ ਕੱਤਣਾ ਸਿਖਾ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਬਚਪਨ ਤੋਂ ਲੈ ਕੇ ਹੀ ਔਰਤਾਂ ਦਾ ਸੰਬੰਧ ਚਰਖੇ ਨਾਲ ਜੁੜ ਜਾਂਦਾ ਸੀ। ਵਿਆਹ ਤੋਂ ਬਾਅਦ ਉਹ ਚਰਖੇ ਰਾਹੀਂ ਕੱਤ ਕੱਤ ਕੇ ਆਪਣੇ ਮਾਹੀ ਨਾਲ ਘਰ ਦੀ ਆਰਥਿਕਤਾ ਸੁਧਾਰਨ ਦੇ ਸੁਪਨੇ ਬੁਣਦੀ ਹੈ।

**ਮਾਂ ਮੇਰੀ ਨੇ ਚਰਖਾ ਦਿੱਤਾ, ਪੀੜ੍ਹੀ ਬਣਾ ਦੇ ਤੂੰ।**
**ਸਾਰੀ ਰਾਤ ਕੱਤਿਆ ਕਰੂੰ, ਕੱਤਿਆ ਕਰੂੰ ਤੇਰਾ ਰੂੰ।**
.........
**ਜੇਠ ਹਾੜ ਦੀਆਂ ਧੁੱਪਾਂ ਵੇ ਚੰਨ ਪੈਣ ਬਲਾਈਂ।**
**ਲਾਲ ਦੰਮਾਂ ਦੇ ਲੋਭੀਆ, ਵੇ ਕਿਤੇ ਛੱਡ ਕੇ ਨਾ ਜਾਈਂ।**
**ਮੈਂ ਕੱਤਾਂਗੀ ਨਿੱਕੜਾ, ਵੇ ਤੂੰ ਬੈਠਾ ਖਾਈਂ।**

ਚਰਖਾ ਭਾਵੇਂ ਇਕੱਲੀ ਮੁਟਿਆਰ ਆਪਣੇ ਘਰ ਬੈਠ ਕੇ ਕੱਤ ਸਕਦੀ ਹੈ ਪਰ ਆਮ ਤੌਰ ਤੇ ਮੁਹੱਲੇ ਦੀਆਂ ਮੁਟਿਆਰਾਂ ਰਲ ਮਿਲ ਕੇ ਇਕੱਠੀਆਂ ਹੋ ਕੇ ਮੁਹੱਲੇ ਵਿੱਚ ਹੀ ਕਿਸੇ ਇੱਕ ਘਰ, ਜਿੱਥੇ ਬੈਠਣ ਲਈ ਥਾਂ ਖੁੱਲ੍ਹਾ ਹੋਵੇ, ਚਰਖੇ ਲੈ ਕੇ ਬਹਿੰਦੀਆਂ ਸਨ। **'ਹੱਥ ਪੂਣੀਆਂ ਢਾਕ ਤੇ ਚਰਖਾ, ਚੱਲੀਆਂ ਮੈਂ ਕੱਤਣੇ ਨੂੰ**.....' ਦੇ ਕਥਨ ਅਨੁਸਾਰ ਮੁਟਿਆਰਾਂ ਆਪੋ ਆਪਣੇ ਚਰਖੇ ਲੈ ਕੇ ਨਿਯਤ ਥਾਂ ਤੇ ਜੁੜ ਬਹਿੰਦੀਆਂ। ਇਨ੍ਹਾਂ ਵਿੱਚ ਸਿਆਣੀ ਉਮਰ ਦੀਆਂ ਔਰਤਾਂ ਵੀ ਆਪੋ ਆਪਣੇ ਅਟੇਰਨ ਵਗੈਰਾ ਲੈ ਕੇ ਬੈਠ ਜਾਂਦੀਆਂ। ਇਹ ਸਿਆਣੀ ਉਮਰ ਦੀਆਂ ਔਰਤਾਂ ਕੱਤੇ ਹੋਏ ਰੂੰ ਦੇ ਗਲੋਟਿਆਂ ਦੀਆਂ ਅੱਟੀਆਂ (ਲੱਛੇ) ਅਟੇਰਨ ਨਾਲ ਅਟੇਰ ਕੇ ਬਣਾਉਂਦੀਆਂ ਨਾਲੋ ਨਾਲ ਇਹ ਸਿਆਣੀਆਂ ਔਰਤਾਂ ਅਲ੍ਹੜ ਉਮਰ ਦੀਆਂ ਕੁੜੀਆਂ ਚਿੜੀਆਂ ਨੂੰ ਕੋਈ ਸਿੱਖ ਮੱਤ ਵੀ ਦਿੰਦੀਆਂ ਰਹਿੰਦੀਆਂ। ਅਜਿਹੇ ਵਿੱਚ ਇਕੱਠੀਆਂ ਹੋਈਆਂ ਮੁਟਿਆਰਾਂ, ਕੁੜੀਆਂ, ਔਰਤਾਂ ਇੱਕ ਦੂਜੀ ਨਾਲ ਹਾਸੇ ਮਖੌਲਾਂ ਵਿੱਚ ਹੀ ਕਈ ਬੋਲੀਆਂ, ਟੱਪੇ, ਗੀਤ ਆਦਿ ਵੀ ਅਛੋਪਲੇ ਹੀ ਸਿਰਜ ਲੈਂਦੀਆਂ। ਅਜਿਹੇ ਵਿੱਚ ਕਿਸੇ ਮੁਟਿਆਰ ਵਲੋਂ ਆਪਣੇ ਮਾਹੀ ਨੂੰ ਯਾਦ ਕਰਦਿਆਂ ਚਰਖਾ ਕੱਤਦੇ ਹੋਏ ਇਹ ਕਹਿਣਾ ਸੁਤੇ ਸਿੱਧ ਹੀ ਸੀ—

**ਲੰਬੇ ਲੰਬੇ ਤੰਦ ਵੇ ਮੈਂ ਤੱਕਲੇ ਤੇ ਪਾਉਨੀ ਆਂ।**
**ਤੱਕ ਤੱਕ ਰਾਹਾਂ ਸਾਰਾ ਦਿਨ ਮੈਂ ਲੰਘਾਉਂਨੀ ਆਂ।**
**ਯਾਦ ਕਰਾਂ ਤੈਨੂੰ ਹਰ ਵੇਲੇ.....**
**ਤੂੰਬਾ ਵੱਜਦਾ ਜ਼ਾਲਮਾ, ਵਿੱਚ ਵੇਹੜੇ....**

ਚਰਖੇ ਲੈ ਕੇ ਇਸ ਤਰ੍ਹਾਂ ਜੁੜ ਬਹਿਣ ਨੂੰ ਹੀ ਤ੍ਰਿੰਞਣ ਆਖਿਆ ਜਾਂਦਾ ਸੀ। ਤ੍ਰਿੰਞਣ ਆਮ ਤੌਰ ਤੇ ਉਸ ਘਰ ਜੁੜਦਾ ਸੀ ਜਿਸ ਘਰ ਦੀ ਮੁਟਿਆਰ ਖੁਦ ਤ੍ਰਿੰਞਣ ਵਿੱਚ ਸ਼ਾਮਲ ਹੋਵੇ। ਮਾਪੇ ਵੀ ਕੁੜੀਆਂ ਨੂੰ ਉਸੇ ਘਰ ਜਾਣ ਦੀ ਇਜਾਜ਼ਤ ਦਿੰਦੇ ਸਨ ਜਿਸ ਘਰ ਨੂੰ ਇਖਲਾਕੀ ਤੌਰ ਤੇ ਉੱਚਾ-ਸੁੱਚਾ ਸਮਝਿਆ ਜਾਂਦਾ ਸੀ। ਇਸ ਤ੍ਰਿੰਞਣ ਦਾ ਜੁੜਨਾ ਘਰ ਦੇ ਮੁਖ ਦਰਵਾਜ਼ੇ ਦੇ ਅੰਦਰ ਜਾਂ ਅੰਦਰ ਬਾਹਰ ਦੋਵੇਂ ਪਾਸੇ ਮੌਕੇ ਮੁਤਾਬਕ ਹੁੰਦਾ ਸੀ। ਜੇਕਰ ਗਲੀ ਵਿੱਚ ਚੌਂਕ ਵਰਗਾ ਖੁੱਲ੍ਹਾ ਥਾਂ ਘਰ ਦੇ ਮੂਹਰੇ ਲੱਗਦਾ ਹੁੰਦਾ ਤਾਂ ਮੁਟਿਆਰਾਂ ਸਮੇਂ ਅਨੁਸਾਰ ਆਪਣੇ ਚਰਖੇ ਉਥੇ ਡਾਹ ਲੈਂਦੀਆਂ। ਪਰ ਆਮ ਤੌਰ ਤੇ ਵਿਆਹੀਆਂ ਮੁਟਿਆਰਾਂ ਦੀ ਗਲੀ ਵਿੱਚ ਚਰਖਾ ਡਾਹ ਕੇ ਆਨੇ-ਬਹਾਨੇ ਲੰਘਦੇ ਮਾਹੀ ਨੂੰ ਦੇਖਣ ਦੀ ਸਿੱਕ ਹੁੰਦੀ। ਅਜਿਹਾ ਸੁਭਾਵਕ ਵੀ ਸੀ ਕਿਉਂਕਿ ਨਵੀਂ ਵਿਆਹੀ ਮੁਟਿਆਰ ਵਾਸਤੇ ਉਸਦਾ ਕੰਤ, ਉਸਦਾ ਦਿਲ ਜਾਨੀ, ਉਸਦਾ ਮਾਹੀ ਹੀ ਤਾਂ ਸਭ ਕੁਝ ਹੁੰਦਾ ਹੈ। ਖਾਸ ਕਰਕੇ ਪੁਰਾਣੇ ਸਮਿਆਂ ਵਿੱਚ ਜਦਕਿ ਵਿਆਹ ਤੋਂ ਪਹਿਲਾਂ ਦੋਵਾਂ ਜੀਵਨ ਸਾਥੀਆਂ ਵਿਚੋਂ ਕਿਸੇ ਨੇ ਵੀ ਇੱਕ ਦੂਜੇ ਨੂੰ ਦੇਖਿਆ ਵੀ ਨਾ ਹੋਵੇ ਤਾਂ ਪਹਿਲਾਂ ਪਹਿਲ ਉਹੀ ਇੱਕ ਜੀਅ ਹੁੰਦਾ ਸੀ ਜਿਸ ਨਾਲ ਮੁਟਿਆਰ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕਰ ਸਕਦੀ ਸੀ। ਇਸ ਲਈ ਕੁਦਰਤੀ ਸੀ ਕਿ ਉਸਦਾ ਧਿਆਨ ਹਰ ਵੇਲੇ ਆਪਣੇ ਮਾਹੀਏ ਵੱਲ ਰਹਿੰਦਾ। ਇਸ ਲਈ ਹਰ ਚਰਖੇ ਦੇ ਗੇੜੇ, ਮਾਹੀਆ ਮੈਨੂੰ ਯਾਦ ਆਂਵਦਾ....' ਦੀ ਹਾਲਤ ਵਿਚ ਉਸਦੀ ਦਿਲੀ ਤਾਂਘ, ਦਿਲੀ ਸਿੱਕ ਆਪਣੇ ਮਾਹੀ ਨੂੰ ਦੇਖਣ ਦੀ ਕੋਈ ਗੈਰ ਕੁਦਰਤੀ ਨਹੀਂ ਸਗੋਂ ਸੁਭਾਵਕ ਸੀ—

**ਮਾਹੀਆ ਤੇਰੇ ਦੇਖਣ ਨੂੰ ਚੁੱਕ ਚਰਖਾ ਗਲੀ ਦੇ ਵਿੱਚ ਡਾਹਵਾਂ।**

**ਵੇ ਚਰਖਾ ਮੈਂ ਕੱਤਦੀ, ਤੇਰੇ ਨਾਮ ਦੇ ਗਲੋਟੇ ਲਾਹਵਾਂ।**

ਪਰ ਜਦੋਂ ਕੋਈ ਮੁਟਿਆਰ ਆਪਣੇ ਮਾਹੀ ਦੇ ਵਿਛੋੜੇ ਕਾਰਨ ਅੰਦਰੂਨੀ ਤੌਰ ਤੇ ਦੁਖੀ ਹੁੰਦੀ ਤਾਂ ਉਸਦਾ ਚਰਖਾ ਕੱਤਣ ਨੂੰ ਜੀਅ ਨਾ ਕਰਦਾ। ਉਸਦਾ ਅਸਲੀ ਦੁੱਖ ਤਾਂ ਮਾਹੀ ਦਾ ਵਿਛੋੜਾ ਹੁੰਦਾ ਹੈ। ਪਰ ਉਹ ਇਸ ਗੱਲ ਦੀ ਆਪਣੇ ਦਿਲ ਵਿੱਚ ਗੰਢ ਬੰਨ੍ਹ ਰੱਖਦੀ ਹੈ। ਸਹੇਲੀਆਂ ਕਾਰਨ ਪੁੱਛਣ ਤੇ ਉਹ ਕੁਝ ਇਸ ਤਰ੍ਹਾਂ ਦਾ ਗੋਲ ਮੋਲ ਜਿਹਾ ਜਵਾਬ ਦਿੰਦੀ ਹੈ—

**ਮਾਹੀ ਦੇ ਖਿਆਲਾਂ ਵਿੱਚ ਗੁੰਮ ਸੁੰਮ ਹੋਈ।**
**ਹਰ ਕੋਈ ਆਖੇ ਸਾਨੂੰ ਦੁੱਖ ਦੱਸ ਕੋਈ।**
**ਦੁੱਖਾਂ ਦਾ ਪਹਾੜ ਮੈਥੋਂ ਦੱਸਿਆ ਨਾ ਜਾਵੇ।**
**ਚਰਖਾ ਨਿਮਾਣੀ ਕੋਲੋਂ ਕੱਤਿਆ ਨਾ ਜਾਵੇ।**

ਪਰ ਬਹਾਨੇ ਨਾਲ ਮਾਹੀ ਨੂੰ ਪੁਕਾਰਦੀ ਹੋਈ ਖੁਦ ਹੀ ਉਸਨੂੰ ਪੁੱਛਦੀ ਵੀ ਕਿ—

**ਮੇਰੇ ਚਰਖੇ ਦੀ ਟੁੱਟ ਗਈ ਮਾਹਲ,**
**ਵੇ ਚੰਨ ਕੱਤਾਂ ਕਿ ਨਾ.....।**

ਕਈ ਵਾਰ ਇਸ ਤ੍ਰਿੰਝਣ ਵਿੱਚ ਬੈਠੀ ਕਿਸੇ ਅੱਲ੍ਹੜ ਮੁਟਿਆਰ ਦੀਆਂ ਗਲੀ ਵਿਚੋਂ ਸਹਿਵਨ ਲੰਘਦੇ ਕਿਸੇ ਗਭਰੂ ਨਾਲ ਅੱਖਾਂ ਚਾਰ ਹੋ ਜਾਂਦੀਆਂ। ਸਮੇਂ ਅੱਜ ਵਰਗੇ ਖੁੱਲ੍ਹੇ, ਡੁੱਲ੍ਹੇ ਤਾਂ ਹੈ ਨਹੀਂ ਸਨ। ਇਸ ਲਈ ਦੋਵਾਂ ਧਿਰਾਂ ਦਾ ਅੰਦਰੋ-ਅੰਦਰ ਪਨਪਦਾ ਆਪਸੀ ਪਿਆਰ ਕਿਸੇ ਟੱਪੇ ਜਾਂ ਬੋਲੀ ਰਾਹੀਂ ਨੱਚ ਗਾ ਕੇ ਜ਼ਾਹਰ ਕੀਤਾ ਜਾਂਦਾ। ਆਮ ਤੌਰ ਤੇ ਇਹ ਪਿਆਰ ਅਧੂਰਾ ਹੀ ਰਹਿੰਦਾ। ਮੁਟਿਆਰ ਨੂੰ ਵਿਆਹ ਕੇ ਉਸਦੇ ਸਹੁਰੇ ਤੋਰ ਦਿੱਤਾ ਜਾਂਦਾ। ਅਜਿਹੇ ਵਿੱਚ ਵਿਆਹ ਹੋ ਕੇ ਜਾਂਦੀ ਮੁਟਿਆਰ ਆਪਣੇ ਬੀਤੇ ਨੂੰ ਯਾਦ ਕਰਕੇ ਕਹਿੰਦੀ ਹੈ—

**ਲੱਗੀਆਂ ਤ੍ਰਿੰਝਣਾ ਦੀਆਂ ਮੱਖਣਾ,**
**ਗਈਆਂ ਮੈਨੂੰ ਯਾਦ ਗੱਡੀ ਵਿੱਚ ਆ।**

ਜੇਕਰ ਕੋਈ ਮਨਚਲਾ ਗੱਭਰੂ ਤ੍ਰਿੰਝਣ ਦੇ ਕੋਲ ਦੀ ਆਨੀਂ ਬਹਾਨੀ ਲੰਘਦਾ ਅਤੇ ਉਹ ਵੀ ਬਾਰ-ਬਾਰ ਤਾਂ ਸੁਤੇ ਸਿੱਧ ਸ਼ੱਕ ਪੈਦਾ ਕਰਨ ਵਾਲੀ ਗੱਲ ਹੁੰਦੀ ਸੀ। ਅਜਿਹੇ ਵਿੱਚ ਆਖਿਆ ਜਾਂਦਾ—

**ਪੂਣੀਆਂ ਮੈਂ ਚਾਰ ਕੱਤੀਆਂ,**
**ਟੁੱਟ ਪੈਣੇ ਦਾ ਪੰਦਰ੍ਹਵਾਂ ਗੇੜਾ....,**

ਤ੍ਰਿੰਝਣ ਆਮ ਤੌਰ ਤੇ ਗਰਮੀਆਂ ਦੀ ਰੁੱਤੇ ਘਰਾਂ ਦੇ ਕੰਮ ਕਾਜ ਤੋਂ ਵਿਹਲੇ ਹੋ ਕੇ ਜੁੜਦਾ। ਦੁਪਹਿਰ ਵੇਲੇ ਘਰਾਂ ਦੀਆਂ ਡਿਉਢੀਆਂ ਦੇ ਅੰਦਰ ਬਾਹਰ ਦੀ ਛਾਂ ਵਿਚ ਜਾਂ ਮੁਹੱਲੇ ਵਿੱਚ ਮੌਜੂਦ ਕਿਸੇ ਰੁੱਖ ਦੀ ਛਾਂ ਹੇਠ ਤ੍ਰਿੰਝਣ ਜੁੜਦਾ। ਸਰਦੀਆਂ ਨੂੰ ਇਹ ਜੋੜ ਕਿਸੇ ਖੁੱਲ੍ਹੇ ਦਲਾਨ ਵਿੱਚ ਜੁੜਦਾ ਜਿੱਥੇ ਸਰਦੀ ਤੋਂ ਬਚਿਆ ਜਾ ਸਕਦਾ। ਇਸ ਤਰ੍ਹਾਂ ਗਰਮੀਆਂ ਦੇ ਲੰਮੇ ਦਿਨਾਂ ਅਤੇ ਸਰਦੀਆਂ ਦੀਆਂ ਲੰਮੀਆਂ ਰਾਤਾਂ ਵਿੱਚ ਤ੍ਰਿੰਝਣ ਜੁੜਦਾ ਸੀ। ਟਿਕੀ ਦੁਪਹਿਰ ਤੇ ਟਿਕੀਆਂ ਰਾਤਾਂ ਵਿੱਚ ਇਕੱਠੇ ਚਰਖਿਆਂ ਦੀ ਘੂਕਰ ਇੱਕ ਤਰ੍ਹਾਂ ਦਾ ਸੰਗੀਤ ਪੈਦਾ ਕਰਦੀ ਸੀ। ਇਹ ਸੰਗੀਤ ਕੰਨਾਂ ਨੂੰ ਵਿਸਮਾਦੀ ਆਨੰਦ ਦਿੰਦਾ ਸੀ। ਇਸ ਸੰਗੀਤਮਈ ਘੂਕ ਦੀ ਗੂੰਜ ਵੱਡੇ-ਵੱਡਿਆਂ ਵਿੱਚ ਖਿੱਚ ਪੈਦਾ ਕਰਦੀ। ਰਾਹੀਆਂ ਦੇ ਰੁਕਣ ਦਾ ਸਬੱਬ ਬਣਦੀ। ਵੱਡੇ-ਵੱਡੇ ਜੋਗੀਆਂ ਦੀ ਭਗਤੀ ਭੰਗ ਹੋ ਜਾਂਦੀ ਇਸ ਚਰਖੇ ਦੀ ਸੰਗੀਤਮਈ ਘੂਕਰ ਅੱਗੇ। ਹਕੀਕਤ ਭਾਵੇਂ ਕੁਝ ਵੀ ਹੋਵੇ ਪਰ ਲੇਖ ਦੇ ਸ਼ੁਰੂ ਵਿੱਚ ਗੀਤ ਦੀ ਦਿੱਤੀ ਹੋਈ ਪੰਕਤੀ **'ਜੋਗੀ ਉਤਰ ਪਹਾੜੋਂ ਆਏ ਚਰਖੇ ਦੀ ਘੂਕ ਸੁਣਕੇ....'** ਤਾਂ ਇਸੇ ਗੱਲ ਦੀ ਤਸਦੀਕ ਕਰਦੀ ਹੈ। ਇਸੇ ਘੂਕਰ ਤੋਂ ਮੁਟਿਆਰ ਖੁਦ ਵੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿੰਦੀ ਅਤੇ ਪ੍ਰਦੇਸ ਬੈਠੇ ਮਾਹੀ ਨੂੰ ਯਾਦ ਕਰਦੀ ਹੋਈ ਆਖਦੀ ਹੈ—

**ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ,**
**ਮਾਹੀਆ ਮੈਨੂੰ ਯਾਦ ਆਂਵਦਾ.....।**

ਪਰ ਜੇਕਰ ਚਰਖੇ ਦੀ ਗੁੱਝ ਨੂੰ ਕਾਫੀ ਦੇਰ ਤੇਲ ਦਾ ਤੁਪਕਾ ਨਾ ਛੁਹਾਇਆ ਜਾਂਦਾ ਤਾਂ ਖੁਸ਼ਕ ਹੋਈ ਚਰਖੇ ਦੀ ਗੁੱਝ ਚਰਖੇ ਦੇ ਫੇਰਿਆਂ ਨਾਲ ਚੀਕਦੀ। ਅਜਿਹੇ ਵਿੱਚ ਦਿਲ ਜਾਨੀਆਂ ਨੂੰ ਚੀਕਦਾ ਹੋਇਆ ਚਰਖਾ ਮੋਰ ਕੂਕਣ ਤੁਲ ਜਾਪਦਾ—

**ਚੀਕੇ ਚਰਖਾ ਬਿਸ਼ਨੀਏ ਤੇਰਾ,**
**ਲੋਕਾਂ ਭਾਣੇ ਮੋਰ ਕੂਕਦਾ....।**

ਖ਼ੁਦ ਮੁਟਿਆਰ ਵੀ ਆਪਣੇ ਰੂਪ ਦੀ ਦੀਵਾਨੀ ਹੋਈ ਆਪਣੀਆਂ ਸਹੇਲੀਆਂ ਨੂੰ ਪ੍ਰਭਾਵਿਤ ਕਰਨ ਲਈ ਤ੍ਰਿੰਝਣ ਦਾ ਸਹਾਰਾ ਲੈ ਕੇ ਆਪਣੇ ਬਾਰੇ ਦੱਸਦੀ ਹੋਈ ਆਖਦੀ ਹੈ—

**ਨਿੱਕੀ ਹੁੰਦੀ ਮੈਂ ਰਹੀ ਨਾਨਕੇ, ਖਾਂਦੀ ਦੁੱਧ ਮਲਾਈਆਂ,**
**ਤੁਰਦੀ ਦਾ ਲੱਕ ਝੂਟੇ ਖਾਂਦਾ, ਪੈਰੀਂ ਝਾਂਜਰਾਂ ਪਾਈਆਂ।**
**ਤ੍ਰਿੰਝਣਾਂ 'ਚ ਕੱਤਦੀ ਦਾ, ਦੇਂਦਾ ਰੂਪ ਦੁਹਾਈਆਂ....।**

ਚਰਖੇ ਉੱਤੇ ਕਤਾਈ ਕਰਨ ਤੋਂ ਪਹਿਲਾਂ ਰੂੰ ਪਿੰਜਵਾ ਕੇ ਪੂਣੀਆਂ ਵੱਟਣ ਦਾ ਕੰਮ ਹੁੰਦਾ ਸੀ। ਕੋਈ ਮੁਟਿਆਰ ਆਪਣੇ ਮਾਹੀ ਦੀਆਂ ਯਾਦਾਂ ਵਿੱਚ ਗੁਆਚੀ ਹੋਈ ਪੂਣੀਆਂ ਵੱਟ ਰਹੀ ਸੀ। ਅਚਾਨਕ ਹੀ ਉਸਦਾ ਜੇਠ ਘਰ ਆ ਗਿਆ। ਉਸਦੀਆਂ ਸੋਚਾਂ ਦੀ ਲੜੀ ਟੁੱਟ ਗਈ। ਮਨ ਹੀ ਮਨ ਵਿੱਚ ਹਿਰਖੀ ਹੋਈ ਮੁਟਿਆਰ ਜੇਠ ਤੇ ਤੰਜ਼ ਕੱਸਦੀ ਹੋਈ ਆਪਣੀਆਂ ਸਹੇਲੀਆਂ ਨੂੰ ਕਹਿੰਦੀ ਹੈ—

**ਧੇਲੀ ਦਾ ਮੈਂ ਰੂੰ ਕਰਾਇਆ, ਉਹ ਵੀ ਚੜ੍ਹ ਗਿਆ ਛੱਤੇ।**
**ਦੇਖੋ ਨੀ ਮੇਰੇ ਹਾਣ ਦੀਓ, ਮੇਰਾ ਜੇਠ ਪੂਣੀਆਂ ਵੱਟੇ।**

ਚਰਖੇ ਦੇ ਸਹਾਰੇ ਨਾਲ ਆਪਸੀ ਰਿਸ਼ਤਿਆਂ ਦਾ ਗੂੜ੍ਹਾ ਅਤੇ ਨਿੱਘਾ ਜ਼ਿਕਰ ਵੀ ਛੇੜਿਆ ਜਾਂਦਾ ਹੈ। ਪਿਛਲੇ ਸਮਿਆਂ ਵਿੱਚ ਵਿਆਹ ਹੋ ਕੇ ਸਹੁਰੀਂ ਜਾਣ ਵਾਲੀਆਂ ਕੁੜੀਆਂ ਆਪਣੇ ਬਾਬਲ ਨਾਲ ਸੰਵਾਦ ਰਚਾਉਂਦੀਆਂ ਆਖਦੀਆਂ—

**ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ, ਬਾਬਲ ਚਰਖਾ ਕੌਣ ਕੱਤੇ ?**

ਜਵਾਬ ਵਿੱਚ ਧੀ ਦਾ ਬਾਪ ਆਖਦਾ—

**ਮੇਰੀਆਂ ਕੱਤਣ ਪੋਤਰੀਆਂ ਨੀ, ਧੀਏ ਘਰ ਜਾ ਆਪਣੇ।**

ਇਸੇ ਤਰ੍ਹਾਂ ਸਾਵਣ ਦੇ ਮਹੀਨੇ ਨਨਾਣ ਤੇ ਉਸਦੀ ਭਰਜਾਈ ਇਕੱਠੀਆਂ ਚਰਖੇ ਕੱਤ ਰਹੀਆਂ ਸਨ। ਅਚਾਨਕ ਮੀਂਹ ਆਉਣ ਤੇ ਭਰਜਾਈ ਆਪਣੀ ਨਨਾਨ ਨੂੰ ਆਖਦੀ ਹੈ :-

**ਮੀਂਹ ਬਰਸੇ ਬਿਜਲੀ ਕੜਕੇ, ਭਿੱਜ ਗਈਆਂ ਨਣਾਨੇ ਪੂਣੀਆਂ....**
**ਆਜਾ ਰਲ ਮਿਲ ਚੁੱਕੀਏ ਚਰਖੇ, ਭਿੱਜ ਗਈਆਂ ਨਣਾਨੇ ਪੂਣੀਆਂ....**

ਉਪਰੋਕਤ ਵਰਨਣ ਤੋਂ ਪੁਰਾਤਨ ਪੰਜਾਬੀ ਸੱਭਿਆਚਾਰ ਵਿੱਚ ਚਰਖੇ ਦੀ ਅਹਿਮੀਅਤ ਭਲੀ ਪ੍ਰਕਾਰ ਸਮਝ ਆ ਜਾਂਦੀ ਹੈ। ਕੱਤੇ ਹੋਏ ਸੂਤ ਦੀਆਂ ਅਟੇਰਨ ਨਾਲ ਅਟੇਰ ਕੇ ਅੱਟੀਆਂ ਬਣਾਈਆਂ ਜਾਂਦੀਆਂ ਸਨ। ਇਸ ਲਈ ਅਟੇਰਨ ਦਾ ਜੋੜ ਮੇਲ ਵੀ ਚਰਖੇ ਨਾਲ ਹੈ ਅਤੇ ਕੱਤਣੀ ਦਾ ਜੋੜ ਮੇਲ ਵੀ ਚਰਖੇ ਨਾਲ ਹੀ ਹੈ। ਕੱਤਣੀ ਵਿੱਚ ਗਲੋਟੇ ਅਤੇ ਪੂਣੀਆਂ ਰੱਖੇ ਜਾਂਦੇ ਸਨ। ਕਈ ਵਾਰ ਕੱਤਣੀ ਤੋਂ ਬਿਨ੍ਹਾਂ ਗਲੋਟੇ ਪੂਣੀਆਂ ਕਿਸੇ ਗੋਹਲੇ ਜਾਂ ਛਿੱਕੂ ਵਿੱਚ ਰੱਖ ਲਏ ਜਾਂਦੇ ਸਨ। ਪਰ ਕਈ ਵਾਰ ਕਾਨਿਆਂ ਦੇ ਤੀਲਿਆਂ ਨੂੰ ਰੰਗ-ਬਰੰਗੇ ਧਾਗਿਆਂ ਨਾਲ ਗੁੰਦ ਕੇ ਫੁੱਲ ਬੂਟੇ ਪਾ ਕੇ ਚਰਖੇ ਨਾਲ ਹੀ ਦਾਜ ਵਿੱਚ ਦੇਣ ਵਾਸਤੇ ਸਮੇਤ ਢੱਕਣ ਬਹੁਤ ਸ਼ਾਨਦਾਰ ਕੱਤਣੀ ਤਿਆਰ ਕੀਤੀ ਜਾਂਦੀ ਸੀ। ਜ਼ਿਕਰ ਆਉਂਦਾ ਹੈ—

**ਹੁੰਦੀ ਆ ਪਟੋਲਿਆ ਤਿਆਰੀ, ਕੱਤਣੀ ਨੂੰ ਫੁੱਲ ਲੱਗਦੇ।**

..........

**ਮੇਰਾ ਚਰਖਾ ਬੋਲੀਆਂ ਪਾਵੇ, ਕੱਤਣੀ ਕਬਿੱਤ ਜੋੜਦੀ।**

..........

**ਮੇਰੀ ਕੱਤਣੀ ਫਰਾਟੇ ਮਾਰੇ, ਪੂਣੀਆਂ ਦੇ ਸੱਪ ਬਣ ਗਏ।**

..........

**ਗੱਡੀ ਵਿੱਚ ਮੈਂ ਰੋਵਾਂ, ਮੇਰੀ ਕੱਤਣੀ 'ਚ ਰੋਣ ਗਲੋਟੇ।**

ਚਰਖੇ ਨਾਲ ਕੁਝ ਅਟੱਲ ਸਚਾਈਆਂ ਵੀ ਜੁੜੀਆਂ ਹੋਈਆਂ ਹੁੰਦੀਆਂ ਸਨ। ਇਹ ਸਪੱਸ਼ਟ ਹੀ ਹੁੰਦਾ ਸੀ ਕਿ ਤ੍ਰਿੰਞਣ ਵਿੱਚ ਬਹਿੰਦੀਆਂ ਕੁੜੀਆਂ ਨੇ ਵਾਰੀ-ਵਾਰੀ ਵਿਆਹ ਹੋਣ ਤੇ ਆਪਣੇ ਸਹੁਰੇ ਘਰ ਤੁਰ ਜਾਣਾ ਹੁੰਦਾ ਸੀ ਅਤੇ ਹੈ। ਮੁੜ ਉਨ੍ਹਾਂ ਦੇ ਮਿਲਣ ਅਤੇ ਇਕੱਠੀਆਂ ਬੈਠਣ ਦੇ ਚਾਂਸ ਜਾਂ ਮੌਕੇ ਨਾਂਹ ਦੇ ਬਰਾਬਰ ਹੁੰਦੇ ਸਨ। ਇਸੇ ਲਈ ਆਖਿਆ ਗਿਆ—

**ਬੇੜੀ ਦਾ ਪੂਰ ਤ੍ਰਿੰਞਣ ਦੀਆਂ ਕੁੜੀਆਂ,**
**ਸਬੱਬ ਨਾਲ ਹੋਣ ਕੱਠੀਆਂ।**

..........

**ਜਿਸ ਪੱਤਣੋ ਪਾਣੀ ਅੱਜ ਲੰਘ ਜਾਣਾ,**
**ਫੇਰ ਨਾ ਲੰਘਣਾ ਭਲਕੇ।**
**ਬੇੜੀ ਦਾ ਪੂਰ ਤ੍ਰਿੰਞਣ ਦੀਆਂ ਕੁੜੀਆਂ,**
**ਫੇਰ ਨਾ ਬਹਿਣਾ ਰਲਕੇ।**

..........

ਇਸ ਤੋਂ ਇਲਾਵਾ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਵਰਗੇ ਸੂਫੀਆਂ ਨੇ ਆਪਣੀ ਰਚਨਾ ਵਿਚ ਚਰਖੇ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਚਰਖੇ ਦਾ ਪ੍ਰਤੀਕ ਵਰਤ ਕੇ ਇਸ ਨੂੰ ਇਸ਼ਕ ਹਕੀਕੀ ਨਾਲ ਜੋੜਿਆ ਹੈ। ਸੂਫ਼ੀ ਸਾਹਿਤ ਵਿਚੋਂ ਇਸ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ। ਬਾਬਾ ਬੁੱਲ੍ਹੇ ਸ਼ਾਹ ਨੇ ਆਤਮਾ ਦੇ ਪਰਮਾਤਮਾ ਨਾਲ ਮਿਲਾਪ ਲਈ ਅੰਦਰੂਨੀ ਤਾਂਘ ਨੂੰ ਬਿਆਨ ਕਰਦਿਆਂ ਆਖਿਆ ਹੈ—

**ਗਮਾਂ ਦਾ ਚਰਖਾ, ਦੁੱਖਾਂ ਦੀਆਂ ਪੂਣੀਆਂ।**
**ਜਿਉਂ ਜਿਉਂ ਕੱਤੀ ਜਾਵਾਂ, ਹੋਈ ਜਾਣ ਦੂਣੀਆਂ।**

ਪਰ ਹਥਲੇ ਲੇਖ ਦਾ ਵਿਸ਼ਾ ਪੰਜਾਬ ਦੇ ਅਲੋਪ ਹੋ ਚੁੱਕੇ ਸਭਿਆਚਾਰਕ ਵਿਰਸੇ ਵਿੱਚ ਚਰਖੇ ਦੀ ਅਹਿਮੀਅਤ ਨੂੰ ਦਰਸਾਉਣਾ ਹੈ। ਇਸ ਲਈ ਇਥੇ ਹੋਰ ਮਿਸਾਲਾਂ ਦਾ ਜ਼ਿਕਰ ਕਰਨ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ।

ਹੁਣ ਦੇ ਬਦਲ ਚੁੱਕੇ ਸਮੇਂ ਮੁਤਾਬਕ ਚਰਖਾ ਕੇਵਲ ਸਭਿਆਚਾਰਕ ਪ੍ਰੋਗਰਾਮਾਂ ਵੇਲੇ ਸਟੇਜਾਂ ਤੇ ਹੀ ਨਜ਼ਰ ਆਉਂਦਾ ਹੈ। ਅਜਿਹਾ ਹੋਣਾ ਬਦਲਦੇ ਸਮੇਂ ਦੀ ਤੋਰ ਮੁਤਾਬਕ ਜ਼ਰੂਰੀ ਹੈ। ਪਰ ਪੰਜਾਬੀਆਂ ਦਾ ਚਰਖੇ ਪ੍ਰਤੀ ਹੇਰਵਾ ਅਤੇ ਆਪਣੇ ਸੱਭਿਆਚਾਰਕ ਨਾਲੋਂ ਮੁਟਿਆਰਾਂ ਦਾ ਟੁੱਟਣਾ ਸਾਫ਼ ਨਜ਼ਰ ਆਉਂਦਾ ਹੈ—

**ਹੱਸਣਾ ਵੀ ਭੁੱਲ ਗਈ, ਤੇ ਨੱਚਣਾ ਵੀ ਭੁੱਲ ਗਈ।**
**ਕੁੜੀ ਪੰਜਾਬ ਦੀ ਤਾਂ ਕੱਤਣਾ ਵੀ ਭੁੱਲ ਗਈ।**
**ਤੰਦ ਚਰਖੇ ਤੇ ਰੋਣ ਵਿਚਾਰੇ....**
**ਨੀ ਚਰਖਾ ਬੋਲ ਪਿਆ, ਸੁਣ ਅਲ੍ਹੜੇ ਮੁਟਿਆਰੇ....**

..........

**ਤੀਆਂ ਤੇ ਤ੍ਰਿੰਞਣ ਆਪਾਂ ਭੁੱਲ ਗਏ ਆਂ।**
**ਪੱਛਮ ਦੇ ਵਿਰਸੇ ਤੇ ਡੁੱਲ੍ਹ ਗਏ ਆਂ।**
**ਕੋਈ ਨਾ ਸਾਨੂੰ ਜਾਣੇ ਸੱਭਿਆਚਾਰ ਬਿਨ੍ਹਾਂ।**
**ਚਰਖਾ ਰੋਂਦਾ ਵੇਖਿਆ ਮੈਂ ਮੁਟਿਆਰ ਬਿਨ੍ਹਾਂ।**

ਪਰ ਪਿਛਲੇ ਥੋੜ੍ਹੇ ਸਮੇਂ ਤੋਂ ਜਦੋਂ ਦਾ ਕਰੋਨਾ ਕਾਲ ਸ਼ੁਰੂ ਹੋਇਆ ਹੈ ਤਾਂ ਇਕੱਠ ਕਰਨ ਤੋਂ ਗੁਰੇਜ਼ ਕੀਤਾ ਜਾਣ ਲੱਗ ਪਿਆ ਹੈ। ਵਿਆਹਾਂ ਸ਼ਾਦੀਆਂ ਮੌਕੇ ਅਤੇ ਹੋਰ ਮੌਕਿਆਂ ਤੇ ਸਭਿਆਚਾਰਕ ਪ੍ਰੋਗਰਾਮ ਬੰਦ ਹੋ ਗਏ ਹਨ। ਕਰੋਨਾ ਕਾਲ ਤੋਂ ਪਹਿਲਾਂ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਚਰਖਾ ਸਟੇਜਾਂ ਤੇ ਨਜ਼ਰ ਆ ਜਾਂਦਾ ਸੀ। ਪਰ ਹੁਣ ਬਦਲ ਗਏ ਹਾਲਾਤਾਂ ਮੁਤਾਬਕ ਚਰਖਾ ਬਿਲਕੁਲ ਹੀ ਨਜ਼ਰਾਂ ਤੋਂ ਉਹਲੇ ਹੋ ਗਿਆ ਹੈ। ਸੰਭਵ ਹੈ ਕਿ ਆਉਣ ਵਾਲੀ ਪੀੜ੍ਹੀ ਚਰਖੇ ਦਾ ਨਾਂਅ ਵੀ ਭੁੱਲ ਜਾਵੇ।

**ਧੰਨਵਾਦ ਸਹਿਤ 'ਵਿਰਸੇ ਦੇ ਰੰਗ' 'ਚੋਂ**

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ', 'ਬੀ' ਆਦਿ ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 45 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**

**ਸਹਿ ਸੰਪਾਦਕ**

# 'ਲੁਬਾਣਾ ਸੇਵਕ' ਮੈਗਜ਼ੀਨ ਦੇ ਸੁਹਿਰਦ ਪਾਠਕਾਂ ਨੂੰ ਅਪੀਲ

ਮਾਨਯੋਗ ਪਾਠਕ ਵੀਰ ਜੀ,

ਗੁਰ ਫਤਿਹ ਪ੍ਰਵਾਨ ਕਰਨੀ ਜੀ

ਮੈਂ ਆਪ ਜੀ ਨੂੰ ਮੈਗਜ਼ੀਨ 'ਲੁਬਾਣਾ ਸੇਵਕ' ਸਬੰਧੀ ਬੜੀ ਨਿਮਰਤਾ ਨਾਲ ਇਕ ਬੇਨਤੀ ਕਰਨਾ ਚਾਹੁੰਦਾ ਹਾਂ। ਇਹ ਰਸਾਲਾ ਬਰਾਦਰੀ ਦੀ ਬਹੁਤ ਹੀ ਸਤਿਕਾਰਯੋਗ ਹਸਤੀ ਮੇਜਰ ਸ਼ਰਮ ਸਿੰਘ ਜੀ ਜਹੂਰਾ ਨੇ ਆਪਣੇ ਪੱਧਰ ਤੇ ਆਪਣੇ ਘਰ ਤੋਂ ਸ਼ੁਰੂ ਕੀਤਾ ਸੀ। ਜੋ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੇ ਹੋਂਦ ਵਿਚ ਆਉਣ ਤੋਂ ਜਲਦੀ ਬਾਅਦ ਹੀ ਇਸ ਰਸਾਲੇ ਨੂੰ ਅਪਣਾ ਕੇ ਫਾਊਂਡੇਸ਼ਨ ਵੱਲੋਂ ਇਸ ਨੂੰ ਲਗਾਤਾਰ ਚਾਲੂ ਰੱਖਣ ਅਤੇ ਛਪਦਾ ਰੱਖਣ ਦਾ ਉਪਰਾਲਾ ਆਪਣੇ ਸਿਰ ਲੈ ਲਿਆ ਸੀ। ਲੁਬਾਣਾ ਸੇਵਕ ਦੇ ਤਕਰੀਬਨ 600 ਲਾਇਫ਼ ਮੈਂਬਰ ਹਨ ਜਿਨ੍ਹਾਂ ਨੇ 1000 ਰੁਪਏ ਦੇ ਕੇ ਆਪਣੀ ਲਾਈਫ਼ ਮੈਂਬਰਸ਼ਿਪ ਹਾਸਲ ਕੀਤੀ ਹੋਈ ਹੈ। ਮੈਗਜ਼ੀਨ ਦੇ ਇਕ ਅੰਕ ਦੀ ਇਕ ਕਾਪੀ ਤੇ ਤਕਰੀਬਨ 40 ਰੁਪਏ ਖਰਚ ਆਉਂਦਾ ਹੈ। ਜਿਸ ਕਾਰਨ ਇਸ ਦਾ ਖਰਚਾ ਉਠਾਉਣਾ ਥੋੜ੍ਹਾ ਮੁਸ਼ਕਿਲ ਬਣਿਆ ਹੋਇਆ ਹੈ। ਭਾਵੇਂ ਕਿ ਹੁਣ ਨਵੇਂ ਲਾਇਫ਼ ਮੈਂਬਰ ਬਨਣ ਲਈ ਫੀਸ 2500 ਰੁਪਏ ਪ੍ਰਤੀ ਮੈਂਬਰ ਕਰਨ ਦੀ ਤਜਵੀਜ਼ ਕਾਰਜਕਾਰਨੀ ਵੱਲੋਂ ਪਾਸ ਕੀਤੀ ਜਾ ਚੁੱਕੀ ਹੈ। ਪ੍ਰੰਤੂ ਜੇਕਰ ਪੁਰਾਣੇ ਲਾਇਫ਼ ਮੈਂਬਰ ਵੀ ਆਪਣੇ ਵੱਲੋਂ ਕੁਝ ਆਰਥਿਕ ਸਹਾਇਤਾ ਜਾਂ ਨਵੀਂ ਤੇ ਪੁਰਾਣੀ ਮੈਂਬਰਸ਼ਿਪ ਦੇ ਫਰਕ ਦੀ ਰਕਮ ਨੂੰ ਫਾਊਂਡੇਸ਼ਨ ਪਾਸ ਜਮ੍ਹਾ ਕਰਵਾਉਣ ਤਾਂ ਮੈਗਜ਼ੀਨ ਚਾਲੂ ਰੱਖਣ ਵਿਚ ਮੈਨੇਜਮੈਂਟ ਦੀ ਕਾਫੀ ਮੱਦਦ ਹੋ ਜਾਵੇਗੀ। ਇਹ ਇਕ ਸੁਝਾਅ ਹੀ ਹੈ, ਜਬਰੀ ਜਾਂ ਜ਼ਰੂਰੀ ਨਹੀਂ ਹੈ। ਕਿਉਂਕਿ ਇਹ ਮੈਗਜ਼ੀਨ ਬਰਾਦਰੀ ਦੇ ਆਰਥਿਕ, ਸਮਾਜਿਕ, ਰਾਜਨੀਤਿਕ ਸਾਰੇ ਪਹਿਲੂਆਂ ਤੋਂ ਪਾਠਕਾਂ ਨੂੰ ਜਿੱਥੇ ਜਾਗਰੂਕ ਕਰਦਾ ਹੈ, ਉਥੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਬਰਾਦਰੀ ਦੇ ਉਥਾਨ ਲਈ ਕੀਤੇ ਕਾਰਜਾਂ ਦੀ ਵੀ ਬਰਾਦਰੀ ਦੇ ਸੂਝਵਾਨ ਮੈਂਬਰਾਂ ਨੂੰ ਜਾਣਕਾਰੀ ਦਿੰਦਾ ਹੈ।

ਆਸ ਕਰਦਾ ਹਾਂ ਕਿ ਮੇਰੀ ਇਸ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ, ਲੁਬਾਣਾ ਸੇਵਕ ਮੈਗਜ਼ੀਨ ਚਾਲੂ ਰੱਖਣ ਲਈ ਆਪ ਜੀ ਆਪਣਾ ਬਣਦਾ ਆਰਥਿਕ ਸਹਿਯੋਗ ਜ਼ਰੂਰ ਦੇਵੋਗੇ।

ਧੰਨਵਾਦ


**ਹਰਭਜਨ ਸਿੰਘ**

**ਪ੍ਰਧਾਨ**

**ਬਮਸਲ ਫਾਊਂਡੇਸ਼ਨ ਚੰਡੀਗੜ੍ਹ**

# ਬਚੋ ਜਾਂ ਮਰੋ

ਤਰਜਮਾਨ ਇੰਜ. ਅਮਰੀਕ ਸਿੰਘ
ਸਾਬਕਾ ਮੈਂਬਰ ਬੀ.ਬੀ.ਐਮ.ਬੀ.



**ਇਹ ਇਕ ਸੱਚੀ ਘਟਨਾ ਹੈ।**

ਦਿਨ ਅਗਸਤ 30, 1943, ਫਰਾਂਸ ਦੇ ਲੀਉਨ (Lyon) ਸ਼ਹਿਰ ਦੀ "ਮਾਂਟਲੁਸ ਫੌਜੀ ਜੇਲ੍ਹ" ਦੀ ਛੋਟੀ ਜਿਹੀ ਹਨ੍ਹੇਰੀ ਕੋਠੜੀ ਵਿਚ ਇਕ ਫੌਜੀ ਕੈਦੀ, ਡੇਇਗਨੀ, ਬਿਸਤਰੇ ਤੇ ਮੰਜੀ ਉੱਪਰ ਲੇਟਿਆ ਹੋਇਆ ਸੀ। ਭੂਰੇ ਰੰਗ ਦਾ ਪਤਲਾ ਕੰਬਲ ਘਸਿਆ ਹੋਇਆ ਉਸ ਨੇ ਆਪਣੇ ਉੱਪਰ ਲਿਆ ਅਤੇ ਸਿਰ ਦੇ ਦੁਆਲੇ ਠੰਡ ਤੋਂ ਬਚਣ ਲਈ ਲਪੇਟ ਲਿਆ। ਨਿੱਘਾ ਨਹੀਂ ਹੋ ਸਕਿਆ। ਠੰਡ ਅੰਤਾਂ ਦੀ ਅਤੇ ਜੇਲ੍ਹ ਕੋਠੜੀ ਬਹੁਤ ਠੱਰੀ ਹੋਈ ਸੀ। ਬੂਹੇ ਦੀ ਸ਼ੀਸ਼ ਥਲਿਉ ਥੋੜ੍ਹਾ ਜਿਹਾ ਚਾਨਣ ਹੋਇਆ ਜਿਸ ਤੋਂ ਕੈਦੀ ਨੇ ਅੰਦਾਜ਼ਾ ਲਗਾਇਆ ਕਿ ਅੱਜ ਦਿਨ ਸਾਫ਼ ਧੁੱਪ ਵਾਲਾ ਚੜ੍ਹਿਆ ਹੈ। ਪਿਛਲੇ ਦੋ ਹਫ਼ਤਿਆਂ ਵਾਂਗੂੰ ਪੁੱਛ ਤਾਛ ਅਤੇ ਮਾਰ-ਕੁਟ ਲਈ ਹਰ ਰੋਜ਼ ਉਸੇ ਤਰ੍ਹਾਂ ਦਾ ਅੱਜ ਦਾ ਦਿਨ ਵੀ ਸੀ। ਸੁੱਸਤ ਪਿਆ ਉਧਰ ਇਧਰ ਪਾਸੇ ਪਲਟਦੇ ਉਸ ਨੇ ਰੌਲਾ ਸੁਣਿਆ। ਜੇਲ੍ਹ ਜਾਗ ਰਹੀ ਸੀ। ਦੂਰ ਇਕ ਦਰਵਾਜ਼ਾ ਜ਼ੋਰ ਨਾਲ ਖੜਕਿਆ। ਸਿਪਾਹੀ ਕੜਕੇ। ਹੋਰ ਨੇੜੇ ਆਉਂਦੀ ਭਾਰੇ ਬੂਟਾਂ ਦੀ ਠਕ-ਠਕ ਅਤੇ ਚਾਬੀਆਂ ਦੇ ਗੁਛਿਆਂ ਦੀ ਛਣਕਦੀ ਅਵਾਜ਼ ਆਈ। ਪੈਰਾਂ ਦੀ ਅਵਾਜ਼ ਉਹਦੀ ਕੋਠੜੀ ਅੱਗੇ ਰੁਕ ਗਈ। ਜਿੰਦਰਾ ਖੁਲ੍ਹਿਆ। ਦਰਵਾਜ਼ਾ ਪਿਛੇ ਹਟਿਆ ਅਤੇ ਤਿੰਨ ਜਰਮਨ ਸਿਪਾਹੀ ਉਹਨੂੰ ਬਾਹਰ ਕੱਢ ਕੇ ਲੈ ਗਏ। ਟੁਟੀ-ਫੁਟੀ ਫਰਾਂਸੀ ਬੋਲੀ ਵਿਚ ਬੜੀ ਬੇਰੁਖੀ ਨਾਲ ਬੋਲਦਿਆਂ ਇਕ ਸਿਪਾਹੀ ਨੇ ਕਿਹਾ, "ਚਲ ਜਲਦੀ ਹੁਣ।"

ਪਰ ਡੇਇਗਨੀ ਦੀ ਕੁਟ-ਮਾਰ ਨਾਂ ਕੀਤੀ ਬਲਕਿ ਉਸ ਨੂੰ ਧਰੂਦੇਂ ਹੋਇਆਂ ਨੇ ਵੱਡੇ ਜੇਲ੍ਹ ਅਫ਼ਸਰ ਸਾਹਮਣੇ ਪੇਸ਼ ਕੀਤਾ। ਜੇਲ੍ਹਰ ਨੇ ਡੇਇਗਨੀ ਨੂੰ ਕੁਝ ਦਿਨਾਂ ਬਾਅਦ ਗੋਲੀ ਨਾਲ ਮਾਰਨ ਦਾ ਹੁਕਮ ਸੁਣਾਇਆ। ਸਿਪਾਹੀ ਡੇਇਗਨੀ ਨੂੰ ਹਥਕੜੀ ਲਗਾ ਕੇ ਧਰੂਅ ਕੇ ਜੇਲ੍ਹ ਕੋਠੜੀ ਵਿਚ ਬੰਦ ਕਰ ਗਏ। ਡੇਇਗਨੀ ਸੋਚਾਂ ਵਿਚ ਡੁਬ ਗਿਆ।

ਉਹ ਅਜੇ ਛੱਬੀ ਸਾਲਾਂ ਦਾ ਅਤੇ ਹੁਣ ਇਕਦਮ ਮੌਤ ਦੇ ਮੂੰਹ ਕੋਲ ਆ ਪਹੁੰਚਿਆ। ਡੇਇਗਨੀ ਨੂੰ ਸਜ਼ਾਏ-ਮੌਤ ਦੀ ਹੈਰਾਨੀ ਨਾਂ ਹੋਈ ਕਿਉਂਕਿ ਉਹ ਕਈ ਫਰਾਂਸੀਸੀ ਨੌਜਵਾਨਾਂ ਨਾਲ ਮਿਲ ਕੇ ਦੁਨੀਆਂ ਦੀ ਵੱਡੀ ਜੰਗ ਵਿਚ ਆਪਣੇ ਦੇਸ਼ ਵਿਚੋਂ ਜਰਮਨ ਫੌਜਾਂ ਨੂੰ ਕੱਢਣ ਲਈ ਲੜਦਾ ਰਿਹਾ ਸੀ। ਚਾਰ ਮਹੀਨੇ ਪਹਿਲਾਂ ਅਪ੍ਰੈਲ 1943 ਵਿਚ ਉਹਨੇ ਇਕ ਜਰਮਨ ਖੁਫ਼ੀਏ ਨੂੰ ਵੀ ਮੌਤ ਦੇ ਘਾਟ ਉਤਾਰਿਆ ਸੀ। ਕਈ ਦਿਨਾਂ ਬਾਅਦ ਕਿਸੇ ਫਰਾਂਸੀਸੀ ਫੌਜੀ ਨੇ ਉਸ ਨਾਲ ਧੋਖਾ ਕੀਤਾ, ਉਸ ਨੂੰ ਅਤੇ ਹੋਰ ਹਜ਼ਾਰਾਂ ਫਰਾਂਸੀਸੀ ਸਿਪਾਹੀਆਂ ਸਮੇਤ ਅਤੇ ਕੁਝ ਜਿਊਜ਼ ਲੋਕਾਂ ਨਾਲ ਉਸਨੂੰ ਜਰਮਨ ਫੌਜਾਂ ਕੋਲ ਫੜਾ ਦਿੱਤਾ। ਇਹਨਾਂ ਸਾਰਿਆਂ ਨੂੰ ਇਸ ਜੇਲ੍ਹ ਵਿਚ ਲੈ ਆਏ। ਇਥੋਂ ਇਹਨਾਂ ਨੂੰ ਮੌਤ ਕੈਂਪਾਂ ਵਿਚ ਲੈ ਜਾਣਾ ਸੀ। ਇਸ ਭਿਆਨਕ ਅਤੇ ਅੰਧੇਰੀ ਜੇਲ੍ਹ ਜਿਹੜਾ ਵੀ ਕੈਦੀ ਆਇਆ ਉਹ ਕਦੀ ਬਚ ਕੇ ਨਿਕਲ ਨਾ ਸਕਿਆ।

ਡੇਇਗਨੀ ਨੂੰ ਜਰਮਨ ਨਾਜੀ ਪੁਲਿਸ ਨੇ ਬਹੁਤ ਤਸੀਹੇ ਦਿੱਤੇ ਪਰ ਉਸ ਨੇ ਕੋਈ ਗੱਲ ਨਾ ਦੱਸੀ। ਇਕ ਵਾਰੀ ਨਾਜੀ ਪੁਲਿਸ ਨੇ ਇਹ ਧਾਰ ਲਿਆ ਕਿ ਡੇਇਗਨੀ ਨੂੰ ਮਾਰ ਦੇਣਾ ਬੇਹਤਰ ਹੈ ਕਿਉਂਕਿ ਉਸ ਨੇ ਨਾਜੀ ਪੁਲਿਸ ਨੂੰ ਕੋਈ ਰਾਜ਼ ਨਹੀਂ ਦਸਿਆ ਸੀ। ਪਰ ਡੇਇਗਨੀ ਮਰਨਾ ਨਹੀਂ ਚਾਹੁੰਦਾ ਸੀ ਅਤੇ ਕਿਸੇ ਤਰੀਕੇ ਨਾਲ ਮੁਕਾਬਲਾ ਕਰਨਾ ਚਾਹੁੰਦਾ ਸੀ। ਕੈਦ ਵਿਚ ਰਹਿ ਕੇ ਅਤੇ ਤਸੀਹਿਆਂ ਨੇ ਉਹਨੂੰ ਕਮਜ਼ੋਰ ਕਰ ਦਿੱਤਾ ਸੀ। ਇਹੋ ਜਿਹੇ ਬੰਦੀਖਾਨੇ ਵਿਚੋਂ ਉਹ ਕਿਸ ਤਰ੍ਹਾਂ ਨਿਕਲ ਸਕਦਾ ਸੀ।

ਰਾਤ ਪੈ ਗਈ ਉਸ ਦੇ ਹੁਣ ਮਨ ਨੇ ਸੋਚਾਂ ਦੇ ਘੋੜੇ ਦੁੜਾਣੇ ਸ਼ੁਰੂ ਕਰ ਦਿੱਤੇ। ਇਕ ਛੋਟੀ ਜਿਹੀ ਖੁਸ਼ੀ ਦੀ ਲਹਿਰ ਉਹਦੇ ਬੁਲਾਂ ਤੇ ਆਈ। ਉਹਦੇ ਕੋਲ ਕੁਝ ਤਕਰੀਬਾਂ ਸਨ; ਹੁਣ ਸਮਾਂ ਸੀ ਇਹਨੂੰ ਵਰਤਣ ਦਾ। ਹਥਕੜੀ ਖੋਲ੍ਹਣਾ ਉਹਦੇ ਲਈ ਮੁਸ਼ਕਿਲ ਨਹੀਂ ਸੀ। ਜਦੋਂ ਉਹ ਜੇਲ੍ਹ ਵਿਚ ਆਇਆ ਸੀ ਉਦੋਂ ਇਕ ਸਾਥੀ ਕੈਦੀ ਨੇ ਉਹਨੂੰ ਇਕ ਪਿੰਨ ਦਿੱਤਾ ਸੀ ਜਿਦੇ ਨਾਲ ਉਹ ਹਥਕੜੀ ਦਾ ਜਿੰਦਰਾ ਖੋਲ੍ਹ ਸਕਦਾ ਸੀ। ਜੇਲ੍ਹ ਵਿਚ ਰੋਟੀ ਖਾਣ ਲਈ ਉਹਦੇ ਕੋਲ ਇਕ ਚਮਚ ਵੀ ਸੀ। ਉਸਨੇ ਚਮਚੇ ਦੇ ਕਿਨਾਰਿਆਂ ਨੂੰ ਫਰਸ ਤੇ ਘਸਾ-ਘਸਾ ਕੇ ਛੈਣੀ ਵਰਗੇ ਤਿੱਖੇ ਕਰ ਲਏ ਸਨ। ਗਾਰਡ ਜਦੋਂ ਜੇਲ੍ਹ ਦੇ ਦੌਰੇ ਤੇ ਨਾਂ ਹੁੰਦੇ ਤਾਂ ਉਹ ਜੇਲ੍ਹ ਕੋਠੜੀ ਦੇ ਬੂਹੇ ਦੀਆਂ ਸ਼ੀਸ਼ਾਂ ਵਿਚੋਂ ਜੇਲ੍ਹ ਦੇ ਵਰਾਂਡੇ ਨੂੰ ਦੂਰ ਤੱਕ ਤੱਕਦਾ ਅਤੇ ਹੋਰ ਕੈਦੀ ਸਾਥੀਆਂ ਨਾਲ ਹੌਲੀ-ਹੌਲੀ ਗੱਲਾਂ ਕਰਦਾ।

ਡੇਇਗਨੀ ਦੀ ਜੇਲ੍ਹ ਕੋਠੜੀ ਜੇਲ੍ਹ ਦੀ ਉਪਰਲੀ ਮੰਜ਼ਿਲ ਤੇ ਸੀ। ਵਰਾਂਡੇ ਦੇ ਆਖਰ ਵਿਚ Skylight ਸੀ ਜਿਦਾ ਦੂਜਾ ਸਿਰਾ ਛੱਤ ਦੇ ਉੱਪਰ ਨਿਕਲਦਾ ਸੀ। ਉਹਦੀ ਜੇਲ੍ਹ ਦੇ ਬਲਾਕ ਦੇ ਨੀਚੇ ਖੁੱਲ੍ਹਾ ਹਾਤਾ ਸੀ, ਨਾਲ ਫਿਰ ਇਕ ਹੋਰ ਜੇਲ੍ਹ ਬਲਾਕ ਅਤੇ ਫਿਰ ਜੇਲ੍ਹ ਦੀ ਉੱਚੀ ਦੀਵਾਰ ਚਾਰ ਚੁਫੇਰੇ ਪੰਦਰਾ ਫੁਟ ਉੱਚੀ ਬਣੀ ਹੋਈ ਸੀ। ਬਚ ਕੇ ਨਿਕਲਣ ਦਾ ਇਹ ਕਾਫੀ ਲੰਬਾ ਰਸਤਾ ਤਹਿ ਕਰਨਾ ਪੈਂਦਾ ਸੀ ਜਿਸ ਵਿਚ ਕਈ ਖੌਫ਼ਨਾਕ ਰੁਕਾਵਟਾਂ ਸਨ। ਗਾਰਡ ਕੈਦੀਆਂ ਨੂੰ ਕਦੀ ਕਦਾਈਂ ਵਰਾਂਡੇ ਵਿਚ ਤੁਰਾਂਦੇ ਵੀ ਸਨ। ਡੇਇਗਨੀ ਦੀ ਨਜ਼ਰ ਵਿਚ ਇਕ ਪੁਰਾਣੇ Lamp-frame ਤੇ ਪਈ ਸੀ ਜੋ ਕਿ ਗਾਰਡਾਂ ਦੀ ਅਨਗਹਿਲੀ ਕਰਕੇ ਵਰਾਂਡੇ ਦੇ ਫਰਸ਼ ਦੇ ਇਕ ਕੋਨੇ ਵਿਚ ਰਹਿ ਗਿਆ ਸੀ। ਡੇਇਗਨੀ ਨੇ ਇਹ ਸੋਚਿਆ ਹੋਇਆ ਸੀ ਕਿ ਜੇਲ੍ਹ ਵਿਚੋਂ ਨਿਕਲਣ ਲਈ ਹੋ ਸਕਦਾ ਹੈ ਇਹ ਫਰੇਮ ਕੰਮ ਆ ਸਕੇ। ਇਸ ਦੀਆਂ ਤਿੰਨ ਲੱਤਾਂ ਸਨ ਜਿਹੜੀਆਂ ਕਿ ਇਕ ਮਜ਼ਬੂਤ ਹੁਕ ਦਾ ਕੰਮ ਦੇ ਸਕਦੀਆਂ ਸਨ। ਡੇਇਗਨੀ ਨੇ ਆਪਣੇ ਮਨ ਵਿਚ ਕਿਹਾ ਕਿ ਕਾਸ਼! ਉਹਦੇ ਕੋਲ ਇਕ ਲੰਬਾ ਰਸਾ ਹੁੰਦਾ। ਉਸ ਦੇ ਸਾਥੀ ਕੈਦੀ ਨੇ ਇਕ ਤਿੱਖਾ ਬਲੇਡ ਵੀ ਉਹਨੂੰ ਦਿੱਤਾ ਹੋਇਆ ਸੀ। ਡੇਇਗਨੀ ਲਈ ਇਹ ਬਹੁਤ ਕੀਮਤੀ ਚੀਜ਼ਾਂ ਸਨ। ਉਸਨੇ ਹੌਲੀ-ਹੌਲੀ ਕੰਬਲ ਅਤੇ ਅਪਨੇ ਕੁਝ ਕੱਪੜਿਆਂ ਦੀਆਂ ਲੰਬੀਆਂ-ਲੰਬੀਆਂ ਲੀਰਾਂ ਬਲੇਡ ਨਾਲ ਕੱਟ-ਕੱਟ ਕੇ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਆਪਣੇ ਬਿਸਤਰੇ ਦੇ ਗੱਦੇ ਦੀ ਤਾਰ ਬੜੀ ਮੁਸ਼ਕਿਲ ਨਾਲ ਕੱਢੀ। ਤਾਰ ਦੇ ਉੱਪਰ ਲੀਰਾਂ ਨੂੰ ਵੱਟ-ਵੱਟ ਕੇ ਇਕ ਰੱਸਾ

ਬਣਾ ਲਿਆ ਜਿਹੜਾ ਕਿ ਉਸ ਦਾ ਭਾਰ ਲੈ ਸਕਦਾ ਸੀ। ਬੜੀ ਮੁਸ਼ਕਿਲ ਨਾਲ ਉਸ ਨੇ ਆਪਮੀ ਜੇਲ੍ਹ ਕੋਠੜੀ ਦੇ ਦਰਵਾਜ਼ੇ ਦੀਆਂ ਫੱਟੀਆਂ ਨੂੰ ਵੀ ਢਿੱਲੀਆਂ ਕਰ ਦਿੱਤੀਆਂ ਸਨ ਪਰ ਕਿਸੇ ਨੂੰ ਪਤਾ ਨਹੀਂ ਸੀ ਲੱਗਦਾ ਕਿ ਇਹ ਢਿੱਲੀਆਂ ਹਨ। ਇਹ ਕੰਮ ਉਹ ਸਾਰੀ ਰਾਤ ਕਰਦਾ ਰਿਹਾ। ਊਂਘ ਨਾਲ ਉਹਦਾ ਸਿਰ ਕਈ ਵਾਰੀ ਥੱਲੇ ਝੁਕਿਆ ਅਤੇ ਸਾਰੀ ਰਾਤ ਉਹ ਨੀਂਦ ਨਾਲ ਘੁਲਦਾ ਰਿਹਾ। ਉਸ ਨੇ ਸੋਚਿਆ ਕਿ ਉਹ ਜੇਲ੍ਹ ਵਿਚ ਦਿਨ ਦੇ ਵਕਤ ਜਦੋਂ ਗਾਰਡ ਆਪਣਾ ਕੰਮ ਕਰਨਗੇ ਤਾਂ ਉਹ ਆਰਾਮ ਕਰ ਲਵੇਗਾ। ਉਸ ਨੇ ਰਸਾ ਬਿਸਤਰੇ ਥੱਲੇ ਛੁਪਾ ਦਿੱਤਾ। ਜੇ ਗਾਰਡ ਉਹਦੀ ਜੇਲ੍ਹ ਕੋਠੜੀ ਦੀ ਤਲਾਸ਼ੀ ਲੈਂਦੇ ਤਾਂ ਰਸਾ ਉਹਨਾਂ ਨੇ ਦੇਖ ਲੈਣਾ ਸੀ; ਪਰ ਡੇਇਗਨੀ ਦੀ ਖੁਸ਼ਕਿਸਮਤ ਕਿ ਉਹਨਾਂ ਨੇ ਤਲਾਸ਼ੀ ਨਾਂ ਲਈ ਕਿਉਂਕਿ ਗਾਰਡ ਸਮਝਦੇ ਸਨ ਕਿ ਇਕ ਹਥਕੜੀ ਲਗਾ ਹੋਇਆ ਕੈਦੀ ਕੁਝ ਨਹੀਂ ਕਰ ਸਕਦਾ। ਜੇਲ੍ਹ ਕੋਠੜੀ ਵਿਚ ਸੂਰਜ ਚੜ੍ਹਨ ਤੋਂ ਪਹਿਲਾਂ, ਥਕਿਆ ਟੁਟਿਆ ਹੋਇਆ ਡੇਇਗਨੀ ਨੀਂਦ ਵਿਚ ਗੁਚ ਸੌਂ ਗਿਆ। ਥੋੜ੍ਹੀ ਹੀ ਦੇਰ ਬਾਅਦ ਠਾਹ ਕਰਕੇ ਜੇਲ੍ਹ ਦਾ ਬੂਹਾ ਖੁਲ੍ਹਿਆ ਅਤੇ ਉਹ ਘਬਰਾ ਕਿ ਉਠ ਪਿਆ। ਉਸ ਨੇ ਅੱਖਾਂ ਮੀਟੀਆਂ ਵਿਚ ਹੀ ਸੋਚਿਆ ਕਿ ਗਾਰਡਾਂ ਦਾ ਦਸਤਾ ਉਸਨੂੰ ਗੋਲੀ ਨਾਲ ਉਡਾਣ ਲਈ ਲੈਣ ਆਇਆ ਹੈ। ਪਰ ਉਹਦੇ ਸਾਹ ਵਿਚ ਸਾਹ ਆਇਆ ਜਦੋਂ ਉਹਨੇ ਦੇਖਿਆ ਕਿ ਗਾਰਡ ਇਕ ਹੋਰ ਕੈਦੀ ਨੂੰ ਉਹਦੀ ਜੇਲ੍ਹ ਕੋਠੜੀ ਵਿਚ ਛੱਡਣ ਆਏ ਹਨ। ਇਕ ਗਾਰਡ ਚਿੜਾਦੀ ਹੋਈ ਆਵਾਜ਼ ਵਿਚ ਬੋਲਿਆ, "ਹੇ ਡੇਇਗਨੀ ! ਤੇਰੇ ਆਖਰੀ ਸਮੇਂ ਵਿਚ ਤੈਨੂੰ ਇਕ ਸਾਥੀ ਗੱਲਾਂ ਕਰਨ ਲਈ ਨਸੀਬ ਹੋਇਆ ਹੈ। ਕਰ ਲੈ ਗੱਲਾਂ ਥੋੜ੍ਹੇ ਵਕਤ ਲਈ।" ਇਹ ਨਵਾਂ ਕੈਦੀ ਅਠਾਰਾਂ ਸਾਲ ਦਾ ਸੀ ਜੋ ਬੜਾ ਮਾਯੂਸ ਸੀ। ਉਹ ਜੇਲ੍ਹ ਕੋਠੜੀ ਦੇ ਇਕ ਕੋਨੇ ਵਿਚ ਬੈਠ ਗਿਆ। ਥੋੜ੍ਹੀ ਦੇਰ ਬਾਅਦ ਦੋਵੇਂ ਕੈਦੀ ਹੌਲੀ-ਹੌਲੀ ਪਰ ਸੋਚ ਕੇ ਗੱਲਾਂ ਕਰਨ ਲੱਗ ਪਏ। ਡੇਇਗਨੀ ਨੂੰ ਖਿਆਲ ਆਇਆ ਕਿ ਉਹਦੇ ਕੋਲੋਂ ਭੇਤ ਲੈਣ ਲਈ ਇਹ ਪੁਲਿਸ ਦੀ ਚਾਲ ਨਾਂ ਹੋਵੇ। ਨਵੇਂ ਕੈਦੀ ਨੂੰ ਵੀ ਇਹੋ ਖਿਆਲ ਆਇਆ ਕਿ ਉਹਦੇ ਕੋਲੋਂ ਭੇਤ ਲੈਣ ਲਈ ਹੀ ਪੁਲਿਸ ਨੇ ਡੇਇਗਨੀ ਨੂੰ ਪਹਿਲਾਂ ਤੋਂ ਹੀ ਨਾਂ ਇਸ ਕਮਰੇ ਵਿਚ ਬੰਦ ਕੀਤਾ ਹੋਵੇ। ਉਹ ਇਧਰ ਉਧਰ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗ ਪਏ। ਮੁੰਡੇ ਨੇ ਆਪਣਾ ਨਾਮ ਜਿਮਨੇਜ਼ ਦੱਸਿਆ ਅਤੇ ਉਹ ਵੀ ਆਜ਼ਾਦੀ ਲਈ ਲੜਦਾ ਹੋਇਆ ਪਕੜਿਆ ਗਿਆ ਸੀ।

ਡੇਇਗਨੀ ਅਪਨੇ ਮਨ ਵਿਚ ਚੁਪ ਚਾਪ ਚਿੰਤਨ ਕਰਨ ਲੱਗ ਪਿਆ ਕਿ, "ਇਹ ਨਵੀਂ ਮੇਰੇ ਲਈ ਆਈ ਇਕ ਬਲਾ ਹੈ। ਕੀ ਪਤਾ ਜਿਮਨੇਜ਼ ਕੋਈ ਖੁਫ਼ੀਆ ਹੋਵੇ। ਇਸ ਕਰਕੇ ਆਇਆ ਹੈ ਕਿ ਮੈਂ ਕਿਧਰੇ ਬਚ ਕੇ ਨਿਕਲ ਨਾ ਸਕ? ਇਹ ਵੀ ਹੋ ਸਕਦਾ ਹੈ ਕਿ ਜਿਮਨੇਜ਼ ਆਪਣੇ ਆਪ ਨੂੰ ਪੁਲਿਸ ਦੇ ਤਸੀਹਿਆਂ ਤੋਂ ਬਚਣ ਲਈ ਜਾਂ ਮੌਤ ਤੋਂ ਬਚਣ ਲਈ ਉਸ ਨੂੰ ਧੋਖਾ ਨਾਂ ਦੇਵੇ। ਅਗਰ ਜਿਮਨੇਜ਼ੀ ਖੁਫ਼ੀਆ ਨਹੀਂ ਤਾਂ ਉਹ ਪੁਲਿਸ ਨੂੰ ਤਰਲੇ ਮਿੰਨਤਾਂ ਕਰ ਸਕਦਾ ਹੈ ਕਿ ਮੈਨੂੰ ਨਾਂ ਕੁਟੋ ਮਾਰੋ ਮੈਂ ਤਾਂ ਡੇਇਗਨੀ ਦਾ ਜੇਲ੍ਹ ਵਿਚੋਂ ਦੌੜਣ ਦਾ ਇਰਾਦਾ ਤੁਹਾਨੂੰ ਦੱਸ ਦਿੱਤਾ ਹੈ। ਮੈਂ ਪੁਲਿਸ ਦੀ ਮੱਦਦ ਕੀਤੀ ਹੈ ਮੇਰੀ ਜਾਣ ਤਾਂ ਬਖ਼ਸ਼ ਦਿਉ। ਮੰਨ ਲਵੋ ਕਿ ਇਹ ਦੋਵੇਂ ਗੱਲਾਂ ਸੱਚੀਆਂ ਨਹੀਂ ਹਨ। ਪਰ ਜੇਲ੍ਹ ਦਾ ਇਹ ਨਿਯਮ ਹੈ ਕਿ ਜੇ ਇਕ ਕੈਦੀ ਦੂਜੇ ਕੈਦੀ ਦੇ ਫਰਾਰ ਹੋਣ ਬਾਰੇ ਨਾਂ ਦੱਸੇ ਤਾਂ ਵੀ ਨਾਂ ਦੱਸਣ ਵਾਲੇ ਕੈਦੀ ਨੂੰ ਉਸੇ ਵੇਲੇ ਗੋਲੀ ਮਾਰ ਦਿੱਤੀ ਜਾਂਦੀ ਹੈ। ਡੇਇਗਨੀ ਇਹ ਨਹੀਂ ਚਾਹੁੰਦਾ ਸੀ ਕਿ ਇਹ ਮੁੰਡਾ ਮਰੇ। ਇਸ ਕਰਕੇ ਡੇਇਗਨੀ ਕੋਲ ਹੋਰ ਕੋਈ ਚਾਰਾ ਨਹੀਂ ਸੀ ਸਿਵਾਏ ਇਸ ਦੇ ਕਿ ਉਹ ਦੋਵੇਂ ਬਚ ਕੇ ਨਿਕਲ ਜਾਣ ਤਾਂ ਹੀ ਬੇਹਤਰ ਹੈ। ਉਸ ਨੇ ਸਿਰਫ਼ ਇਹ ਹੀ ਠੀਕ ਸਮਝਿਆ ਕਿ ਮੁੰਡੇ ਤੇ ਇਤਬਾਰ ਕੀਤਾ ਜਾਵੇ।"

ਡੇਇਗਨੀ ਨੇ ਜਿਮਨੇਜ਼ ਨੂੰ ਹੌਲੀ ਆਖਿਆ ਕਿ, "ਮੈਂ ਇਸ ਜੇਲ੍ਹ ਵਿਚ ਇਕ ਦੋ ਦਿਨ ਹੀ ਹਾਂ। ਮੈਂ ਬਾਹਰ ਨਿਕਲਣ ਦੀ ਤਰਕੀਬ ਬਣਾ ਲਈ ਹੈ। ਤੈਨੂੰ ਵੀ ਮੇਰੇ ਨਾਲ ਬਾਹਰ ਨਿਕਲ ਜਾਣਾ ਹੋਵੇਗਾ। ਸਾਡੀ ਕਿਸਮਤ ! ਬਚ ਨਿਕਲੀਏ ਜਾਂ ਮਾਰੇ ਜਾਈਏ।" ਇਹ ਸੁਣ ਕੇ ਜਿਮਨੇਜ਼ ਬਹੁਤ ਡਰ ਗਿਆ। ਡੇਇਗਨੀ ਨੇ ਉਹਦੇ ਮੂੰਹ ਤੋਂ ਉਂਗਲ ਰੱਖ ਦਿੱਤੀ ਤਾਂ ਕਿ ਉਹ ਬਿਲਕੁਲ ਨਾਂ ਬੋਲੇ। ਜਿਮਨੇਜ਼ ਦੇ ਅੱਥਰੂ ਨਿਕਲ ਆਏ ਅਤੇ ਨਿਰਾਸ਼ਾ ਨਾਲ ਭਰ ਗਿਆ। ਇਹ ਮੌਤ ਅਤੇ ਜ਼ਿੰਦਗੀ ਦਾ ਖੇਲ ਕੈਸਾ ਹੈ।

ਜਿਮਨੇਜ਼ ਨੇ ਸੋਚਿਆ ਕਿ ਉਹ ਕੈਸੀ ਬਿਪਤਾ ਵਿਚ ਫਸ ਗਿਆ ਹੈ। ਡੇਇਗਨੀ ਨੇ ਜਿਮਨੇਜ਼ ਨੂੰ ਹੌਂਸਲਾ ਦਿੱਤਾ ਕਿ ਮੈਂ ਤੈਨੂੰ ਜੇਲ੍ਹ ਵਿਚ ਇਕੱਲੇ ਨੂੰ ਨਹੀਂ ਰਹਿਣ ਦਿਆਂਗਾ ਕਿਉਂਕਿ ਮੇਰੇ ਜਾਣ ਬਾਅਦ ਤੈਨੂੰ ਗਾਰਡ ਗੋਲੀ ਨਾਲ ਮਾਰ ਦੇਣਗੇ। ਡੇਇਗਨੀ ਨੇ ਕਿਹਾ, "ਤੂੰ ਇਹ ਨਾਂ ਸੋਚ ਕਿ ਪੁਲਿਸ ਸਿਰਫ਼ ਤਸੀਹੇ ਦੇ ਕੇ ਛੱਡ ਦੇਵੇਗੀ ਤੈਨੂੰ ਨੌਜਵਾਨ ਹੋਣ ਕਰਕੇ ਗੋਲੀ ਨਾਲ ਨਹੀਂ ਮਾਰੇਗੀ। ਤੈਨੂੰ ਗੋਲੀ ਨਾਲ ਜ਼ਰੂਰ ਸ਼ੂਟ ਕਰ ਦੇਵੇਗੀ। ਇਸ ਕਰਕੇ ਤੂੰ ਮੇਰੇ ਨਾਲ ਚੱਲ। ਜੇ ਤੂੰ ਇਥੇ ਜੇਲ੍ਹ ਵਿਚ ਰਿਹਾ ਤਾਂ ਅਵੱਸ਼ ਮਾਰਿਆ ਜਾਵੇਂਗਾ। ਤੇਰੇ ਵਾਸਤੇ ਠੀਕ ਇਹ ਹੀ ਹੈ ਕਿ ਜੇਲ੍ਹ ਵਿਚੋਂ ਨਿਕਲਣ ਲਈ ਹੌਂਸਲਾ ਕਰ" ਜਿਮਨੇਜ਼ ਨੇ ਉੱਚਾ ਸਾਹ ਲਿਆ। ਦੋਵੇਂ ਕੈਦੀ ਚੁੱਪ ਹੋ ਗਏ।

ਸੋ ਡੇਇਗਨੀ ਅਤੇ ਜਿਮਨੇਜ਼ ਨੇ ਅਗਸਤ 24, 1943 ਨੂੰ ਬਾਹਰ ਨਿਕਲਣਾ ਸ਼ੁਰੂ ਕਰ ਦਿੱਤਾ। ਪਹਿਲਾ ਰਸਤਾ ਸੌਖਾ ਸੀ। ਗਾਰਡ ਵਰਾਂਡੇ ਦਾ ਦੌਰਾ ਕਰਕੇ ਇਕੱਠੇ ਇਕ ਕਮਰੇ ਵਿਚ ਬੈਠ ਗਏ। ਦੋਵੇਂ ਕੈਦੀ ਜੇਲ੍ਹ ਦੀ ਕੋਠੜੀ ਦੇ ਦਰਵਾਜ਼ੇ ਦੀਆਂ ਢਿੱਲੀਆਂ ਕੀਤੀਆਂ ਹੋਈਆਂ ਫਟੀਆਂ ਹਟਾ ਕੇ ਕੋਠੜੀ ਤੋਂ ਬਾਹਰ ਵਰਾਂਡੇ ਵਿਚ ਆਏ ਅਤੇ Skylight ਤੱਕ ਪਹੁੰਚ ਗਏ। ਡੇਇਗਨੀ ਨੇ ਜਿਮਨੇਜ਼ ਦੇ ਮੋਢਿਆਂ ਤੇ ਚੜ੍ਹ ਕੇ Skylight ਦਾ ਢੱਕਨ ਚੁਕਣਾ ਸ਼ੁਰੂ ਕੀਤਾ। ਉਹ ਪਹਿਲਾਂ ਹੀ ਇੰਨਾ ਕਮਜ਼ੋਰ ਹੋ ਚੁੱਕਾ ਸੀ ਅਤੇ ਪਤਾ ਨਹੀਂ ਏਨੇ ਔਖੇ ਹੋ ਕੇ ਉਸ ਲਈ ਸੰਭਵ ਵੀ ਹੋ ਸਕੇਗਾ ਕਿ ਢੱਕਨ ਉਠਾ ਸਕੇ। ਪਰ ਥੋੜ੍ਹੇ ਜ਼ੋਰ ਨਾਲ ਹੀ Skylight ਦਾ ਸ਼ੀਸ਼ੇ ਵਾਲਾ ਢੱਕਨ ਉੱਪਰ ਹੋ ਗਿਆ। ਡੇਇਗਨੀ ਨੇ ਆਪਣੇ ਆਪ ਨੂੰ ਉੱਪਰ ਚੁੱਕਿਆ ਤੇ ਛੱਤ ਦੇ ਉੱਪਰ ਪਹੁੰਚ ਗਿਆ। ਜਿਮਨੇਜ਼ ਵੀ ਰਸੇ ਨਾਲ ਲਟਕ ਕੇ ਉੱਪਰ ਛੱਤ ਤੇ ਆ ਗਿਆ।

ਦੋਵਾਂ ਨੇ ਛੱਤ ਤੇ ਖਲੋ ਕੇ ਅਜ਼ੀਬ ਕਿਸਮ ਦੀ ਆਜ਼ਾਦੀ ਵਿਚ ਡੂੰਘੇ ਸਾਹ ਲਏ। ਰਾਤ ਸਾਫ਼, ਅਡੋਲ, ਕਾਲੀ ਸ਼ਾਹ ਅਤੇ ਵਾਤਾਵਰਨ ਬਾਹਰ ਨਿਕਲਣ ਲਈ ਪੂਰਾ ਮੱਦਦਗਾਰ ਸੀ। ਸਿਰਫ਼ ਜੇਲ੍ਹ ਦੀਆਂ ਲਾਈਟਾਂ ਦੀ ਨਿੰਮੀ ਜਿਹੀ ਰੌਸ਼ਨੀ ਉਹਨਾਂ ਦੇ ਬਾਹਰ ਜਾਣ ਵਾਲੇ ਰਸਤੇ ਤੇ ਪੈ ਰਹੀ ਸੀ। ਲਾਈਟ ਫਾਇਦੇਮੰਦ ਵੀ ਸੀ। ਪਰ ਇਹੋ ਜਿਹੀ ਖਾਮੋਸ਼ ਰਾਤ ਵਿਚ ਹਲਕੀ ਆਵਾਜ਼ ਵੀ ਬਹੁਤ ਆਸਾਨੀ ਨਾਲ ਗਾਰਡਾਂ ਤੱਕ ਪਹੁੰਚ ਸਕਦੀ ਸੀ ਜੋ ਕਿ ਗਾਰਡਾਂ ਅਤੇ ਚੌਂਕੀਦਾਰਾਂ ਨੂੰ ਚੁਕੰਨੇ ਬਣਾ ਸਕਦਾ ਸੀ। ਡੇਇਗਨੀ ਦੇ

ਮੂੰਹੋਂ ਹੌਲੀ ਦਿੱਤੀ ਨਿਕਲਿਆ, "ਉਹਨਾਂ ਦੀ ਕਿਸਮਤ ਹੀ ਉਹਨਾਂ ਦਾ ਸਾਥ ਦੇਵੇ।" ਰੇਲ ਲਾਈਨ ਜੇਲ੍ਹ ਦੇ ਨਾਲ ਲੰਗਦੀ ਸੀ। ਹਰ ਦਸ ਮਿੰਟਾਂ ਦੁਰਾਣ ਮਾਲ ਗੱਡੀ ਦੜ-ਦੜ ਕਰਦੀ ਕਿਸੇ ਪਾਸੇ ਵਲੋਂ ਜ਼ਰੂਰ ਆਂਦੀ ਜਾਂਦੀ ਸੀ। ਗੱਡੀ ਲੰਘਣ ਵੇਲੇ ਇਕ ਦੋ ਮਿੰਟ ਕੈਦੀਆਂ ਦੇ ਦੌੜਨ ਦੀ ਅਵਾਜ਼ ਦਾ ਪਤਾ ਨਹੀਂ ਲੱਗ ਸਕਦਾ ਸੀ। ਉਹ ਛੱਤ ਦੇ ਦੂਸਰੇ ਕਿਨਾਰੇ ਤੱਕ ਪਹੁੰਚ ਗਏ ਅਤੇ ਉਹਨਾਂ ਨੇ ਥੱਲੇ ਵੇਹੜੇ ਵੱਲ ਝਾਤੀ ਮਾਰੀ। ਉਹਨਾਂ ਦੀਆਂ ਅੱਖਾਂ ਇੰਨੀ ਦੇਰ ਜੇਲ੍ਹ ਵਿਚ ਰਹਿੰਦੇ ਹਨ੍ਹੇਰੇ ਵਿਚ ਦੇਖਣ ਦੀਆਂ ਆਦੀ ਹੋ ਚੁੱਕੀਆਂ ਸਨ। ਗਾਰਡਾਂ ਦੇ ਸਿਗਰਟਾਂ ਦੀ ਕਦੀ ਕਦੀ ਲੋਅ ਜਾਂ ਉਹਨਾਂ ਦੇ ਪਿਤਲ ਦੇ Buckles ਜਾਂ ਉਹਨਾਂ ਦੀਆਂ ਬੰਦੂਕਾਂ ਦੇ ਬੋਨਟ ਵੀ ਕਦੀ ਕਦੀ ਚਮਕਦੇ। ਇਹ ਸਭ ਕੁਝ ਉਨ੍ਹਾਂ ਨੇ ਛੱਤ ਤੇ ਖਲੋ ਕੇ ਥੱਲੇ ਵਿਹੜੇ ਵਿਚ ਗਾਰਡਾਂ ਨੂੰ ਪਹਿਰਾ ਦਿੰਦੇ ਹੋਏ ਦੇਖਿਆ। ਗਾਰਡਾਂ ਦੇ ਗਸ਼ਤ ਕਰਨ ਵਾਲੇ ਰਸਤੇ ਦਾ ਇਹਨਾਂ ਨੂੰ ਚੰਗੀ ਤਰ੍ਹਾਂ ਪਤਾ ਲੱਗ ਗਿਆ। ਡੇਇਗਨੀ ਨੇ ਵਿਹੜੇ ਵਿਚੋਂ ਭੱਜ ਕੇ ਬਾਹਰ ਜਾਣ ਦਾ ਰਸਤਾ ਜਾਂਚ ਲਿਆ। ਉਸਦੇ ਅੰਦਾਜ਼ੇ ਮੁਤਾਬਕ ਕੋਈ ਇਕ ਗਾਰਡ ਉਹਨਾਂ ਨੂੰ ਸਾਹਮਣੇ ਆਉਂਦਿਆਂ ਟਕਰ ਸਕਦਾ ਸੀ। ਰਸਤੇ ਵਿਚ ਪੈਂਦੇ ਗਾਰਡ ਨੂੰ ਮਾਰਨਾ ਜ਼ਰੂਰੀ ਹੋਵੇਗਾ ਉਹਨਾਂ ਲਈ ਤਾਂ ਕਿ ਉਹ ਆਪਣੇ ਆਪ ਨੂੰ ਬਚਾਅ ਸਕਣ। ਡੇਇਗਨੀ ਨੇ ਜਿਮਨੇਜ਼ ਦੇ ਕੰਨ ਵਿਚ ਆਖਿਆ ਕਿ, "ਉਹ ਇਸ ਤਰ੍ਹਾਂ ਕਰੇਗੇ। ਪਹਿਲਾਂ ਮੈਂ ਉਤਰ ਕੇ ਗਾਰਡ ਨਾਲ ਨਿਪਟਾਂਗਾ। ਉਨੀ ਦੇਰ ਨੂੰ ਛੱਤ ਤੇ ਹੀ ਮੇਰਾ ਇੰਤਜ਼ਾਰ ਕਰੀਂ। ਜਦੋਂ ਮੈਂ ਗਾਰਡ ਨੂੰ ਮਾਰਨ ਵਿਚ ਸਫਲ ਹੋ ਗਿਆ ਤਾਂ ਹਲਕੀ ਜਿਹੀ ਮੂੰਹ ਵਿਚੋਂ ਸਿਰਫ਼ ਇਕ ਸੀਟੀ ਵਰਗੀ ਅਵਾਜ਼ ਕੱਢਾਂਗਾ ਤੇ ਉਹ ਤੂੰ ਸੁਣੀ। ਜਿਮਨੇਜ਼ ਬਹੁਤ ਡਰ ਕੇ ਬੋਲਿਆ ਕਿ ਜੇ ਅਸੀਂ ਗਾਰਡ ਨੂੰ ਮਾਰਾਂਗੇ ਤਾਂ ਦੂਸਰੇ ਗਾਰਡ ਸਾਨੂੰ ਸ਼ੂਟ ਕਰ ਦੇਣਗੇ। ਉਸ ਦਾ ਗਲਾ ਥੁਕ ਨਾਲ ਭਰ ਗਿਆ ਜਿਹੜਾ ਉਹਨੇ ਜਲਦੀ ਅੰਦਰ ਗੁਟਕ ਲਿਆ। ਉਸ ਦੀਆਂ ਅੱਖਾਂ ਡਰ ਨਾਲ ਚੌੜੀਆਂ ਤੇ ਖੁਲ੍ਹੀਆਂ ਹੋ ਗਈਆਂ। ਡੇਇਗਨੀ ਨੇ ਜਿਮਨੇਜ਼ ਦੇ ਮੋਢੇ ਤੇ ਹੱਥ ਰੱਖ ਕੇ ਸਖ਼ਤ ਅਵਾਜ਼ ਵਿਚ ਕਿਹਾ ਕਿ, "ਅਸੀਂ ਤਾਂ ਪਹਿਲਾਂ ਹੀ ਮਰੇ ਹੋਏ ਹਾਂ ਇਥੇ। ਸ਼ਾਇਦ ਬਾਹਰ ਨਿਕਲ ਕੇ ਬਚ ਜਾਈਏ।"

ਜਦੋਂ ਉਹ ਜੇਲ੍ਹ ਦੀ ਛੱਤ ਤੇ ਬਾਹਰ ਆਏ ਤਾਂ ਜੇਲ੍ਹ ਦੀ ਘੜੀ ਨੇ ਬਾਰਾਂ ਦਾ ਘੜਿਆਲ ਵਜਾਇਆ। ਘੰਟੇ ਦੀਆਂ ਅਵਾਜ਼ਾਂ ਦੁਰਾਣ ਨਵੇਂ ਆਏ ਗਾਰਡਾਂ ਨੇ ਪਹਿਲੇ ਗਾਰਡਾਂ ਕੋਲੂੰ ਚਾਰਜ ਸੰਭਾਲਿਆ। ਖ਼ੁਸ਼ੀ ਰਹਿਤ ਹਲਕੀਆਂ ਅਵਾਜ਼ਾਂ ਨਾਲ ਗਾਰਡਾਂ ਨੇ ਇਕ ਦੂਜੇ ਨੂੰ Greet ਕੀਤਾ। ਨਵੇਂ ਆਏ ਗਾਰਡ ਲੰਬੀ ਅਤੇ ਸੁਸਤ ਰਾਤ ਵਿਚ Settle ਹੋ ਗਏ। ਛੱਤ ਉੱਪਰ ਡੇਇਗਨੀ ਤੇ ਜਿਮਨੇਜ਼, ਬਿਨਾਂ ਕਿਸੇ ਨੂੰ ਨਜ਼ਰ ਆਏ, ਇਕ ਘੰਟੇ ਤੱਕ ਥੱਲੇ ਗਾਰਡਾਂ ਦੀਆਂ ਹਰਕਤਾਂ ਦੇਖਦੇ ਰਹੇ ਤਾਂ ਕਿ ਉਹਨਾਂ ਦੀ Position and Routine ਉਹਨਾਂ ਨੂੰ ਪਤਾ ਲੱਗ ਸਕੇ। ਘੜੀ ਨੇ ਇਕ ਵਜਾਇਆ। ਇਕ ਮਾਲ ਗੱਡੀ ਦੀ ਦੜ-ਦੜ ਕਰਦੀ ਉਹਨਾਂ ਨੇ ਦੂਰੋਂ ਆਉਂਦੀ ਅਵਾਜ਼ ਸੁਣੀ। ਇਹ ਵੇਲਾ ਸੀ ਭੱਜ ਨਿਕਲਣ ਦਾ। ਡੇਇਗਨੀ ਨੇ ਅੰਧੇਰੇ ਵਿਚ ਰਸਾ ਲਟਕਾਇਆ। ਇੰਨੇ ਹਨ੍ਹੇਰੇ ਵਿਚ ਉਹਨਾਂ ਨੂੰ ਇਹ ਪਤਾ ਨਾ ਲੱਗਾ ਕਿ ਰਸਾ ਜ਼ਮੀਨ ਤੱਕ ਪਹੁੰਚ ਰਿਹਾ ਹੈ ਕਿ ਨਹੀਂ। ਜਲਦੀ ਵਿਚ ਡੇਇਗਨੀ ਦਾ ਹੱਥ ਰੱਸੇ ਦੀ ਤਾਰ ਨਾਲ ਛਿਲਿਆ ਗਿਆ। ਖ਼ੈਰ ਉਹ ਇਕਦਮ ਬਨ੍ਹੇਰੇ ਦੇ ਨਾਲ ਰੱਸੇ ਨੂੰ ਪਕੜ ਕੇ ਥੱਲੇ ਉੱਤਰ ਆਏ। ਕਿਸਮਤ ਨੇ ਉਹਨਾਂ ਦਾ ਸਾਥ ਦਿੱਤਾ; ਰਸਾ ਜ਼ਮੀਨ ਨੂੰ ਛੂਹ ਰਿਹਾ ਸੀ। ਉਹ ਵਿਹੜੇ ਵਿਚ ਸੁਖ ਸਾਂਦ ਉੱਤਰ ਆਏ। ਉਥੇ ਅੰਧੇਰੇ ਵਿਚ ਛੁਪ ਕੇ ਉਹਨਾਂ ਨੇ ਗੱਡੀ ਆਉਣ ਦਾ ਇੰਤਜ਼ਾਰ ਕੀਤਾ। ਡੇਇਗਨੀ ਨੇ ਕਿਹਾ ਕਿ ਜਿਮਨੇਜ਼ ਤੂੰ ਇਥੇ ਹਨ੍ਹੇਰੇ ਵਿਚ ਇੰਤਜ਼ਾਰ ਕਰ। ਜਦੋਂ ਉਹ ਗੱਡੀ ਆਈ ਤਾਂ ਡੇਇਗਨੀ ਦੌੜ ਕੇ ਵਿਹੜੇ ਦੇ ਦੂਸਰੇ ਕਿਨਾਰੇ ਤੇ ਪਹੁੰਚਿਆ। ਉਸ ਨੂੰ ਇਕ ਗਾਰਡ ਉਹਦੇ ਵੱਲ ਪਿੱਠ ਕਰੀਂ ਖਲੋਤਾ ਨਜ਼ਰ ਆਇਆ। ਇਹ ਗਾਰਡ ਬੇਅਰਾਮੀ ਨਾਲ ਨਵੇਂ ਗਾਰਡਾਂ ਦੇ ਆਉਣ ਦਾ ਇੰਤਜ਼ਾਰ ਕਰ ਰਿਹਾ ਸੀ। ਸ਼ਾਇਦ ਇਹ ਸੋਚ ਰਿਹਾ ਹੋਵੇ ਕਿ ਘਰ ਜਾ ਕੇ ਗਰਮ ਨਾਸ਼ਤਾ ਕਰਾਂਗਾ ਤੇ ਫਿਰ ਸੌ ਜਾਵਾਂਗਾ। ਡੇਇਗਨੀ ਨੂੰ ਉਸ ਤੇ ਤਰਸ ਆਇਆ। ਪਰ ਡੇਇਗਨੀ ਨੂੰ ਆਪਣੀ ਜਾਨ ਬਚਾਉਣ ਲਈ ਉਸ ਗਾਰਡ ਨੂੰ ਜ਼ਰੂਰ ਮਾਰਨਾ ਹੋਵੇਗਾ। ਗਾਰਡ ਨੇ ਹਨ੍ਹੇਰੇ ਵਿਚ ਲੁਕੇ ਡੇਇਗਨੀ ਵੱਲ ਮੂੰਹ ਪਰਤਿਆ। ਡੇਇਗਨੀ ਬਘਿਆੜ ਦੀ ਤਰ੍ਹਾਂ ਉਛਲਿਆ ਅਤੇ ਗਾਰਡ ਦਾ ਗਲਾ ਘੁੱਟ ਕੇ ਫੜ ਲਿਆ ਤੇ ਉਸ ਦੀ ਹੀ ਬੰਦੂਕ ਦੇ ਬੋਨਟ ਨਾਲ ਉਸ ਨੂੰ ਮਾਰ ਮੁਕਾਇਆ। ਮਰੇ ਹੋਏ ਗਾਰਡ ਨੂੰ ਛੇਤੀ ਨਾਲ ਧਰੀਕ ਕੇ ਹਨ੍ਹੇਰੇ ਵਾਲੀ ਥਾਂ ਤੇ ਕਰ ਦਿੱਤਾ। ਡੇਇਗਨੀ ਥੋੜ੍ਹੀ ਦੇਰ ਖਲੋ ਗਿਆ ਇਹ ਦੇਖਣ ਲਈ ਕਿ ਇਸ ਕਾਰਵਾਈ ਦੀ ਖੜ ਖੜ ਕਿਸੇ ਨੇ ਸੁਣੀ ਤੇ ਨਹੀਂ। ਰਾਤ ਪਹਿਲਾਂ ਵਾਂਗ ਹੀ ਅਡੋਲ ਤੇ ਚੁੱਪ ਚਾਪ ਸੀ। ਡੇਇਗਨੀ ਨੇ ਹਲਕੀ ਸੀਟੀ ਵਰਗੀ ਅਵਾਜ਼ ਕੱਢੀ ਤੇ ਜਿਮਨੇਜ਼ ਫਟਾਫਟ ਉਹਦੇ ਕੋਲ ਆ ਗਿਆ। ਉਹਨਾਂ ਦਾ ਰਸਤਾ ਅਗਲੇ ਬਲਾਕ ਤੱਕ ਸਾਫ਼ ਸੀ। ਡੇਇਗਨੀ ਥਕਾਵਟ ਅਤੇ ਡਰ ਨਾਲ ਕੰਬ ਰਿਹਾ ਸੀ। ਅੱਗੇ ਜੇਲ੍ਹ ਦਾ ਦੂਸਰਾ ਬਲਾਕ ਸੀ ਜਿਸ ਦੇ ਉੱਪਰ ਚੜ੍ਹ ਕੇ, ਫਿਰ ਦੂਸਰੇ ਪਾਸੇ ਤੋਂ ਉੱਤਰ ਕੇ ਥੱਲੇ ਜਾਣਾ ਜ਼ਰੂਰੀ ਸੀ। ਡੇਇਗਨੀ ਬਿਲਡਿੰਗ ਦੇ ਨਾਲ-ਨਾਲ ਉੱਪਰ ਚੜ੍ਹਨ ਲਈ ਕਮਜ਼ੋਰੀ ਮਹਿਸੂਸ ਕਰ ਰਿਹਾ ਸੀ। ਡੇਇਗਨੀ ਨੇ ਜਿਮਨੇਜ਼ ਨੂੰ ਪੋਲੀ ਅਵਾਜ਼ ਵਿਚ ਕਿਹਾ ਕਿ ਤੂੰ ਪਹਿਲਾਂ ਚੱਲ ਮੇਰੇ ਵਿਚ ਤਾਕਤ ਨਹੀਂ ਹੈ। ਜਿਮਨੇਜ਼ ਬਿਲਡਿੰਗ ਤੇ ਚੜ੍ਹ ਗਿਆ ਤੇ ਉਸ ਨੇ ਰਸਾ ਥੱਲੇ ਲਟਕਾ ਦਿੱਤਾ। ਡੇਇਗਨੀ ਨੂੰ ਖਿਆਲ ਆਇਆ ਕਿ ਇਹ ਮੇਰਾ ਸਾਥੀ ਮੇਰੇ ਬਚ ਨਿਕਲਣ ਵਿਚ ਜ਼ਰੂਰੀ ਸੀ; ਮੈਂ ਆਵੇਂ ਇਸ ਨੂੰ ਮੁਸੀਬਤ ਸਮਝ ਬੈਠਾ। ਡੇਇਗਨੀ ਵੀ ਛੱਤ ਉੱਪਰ ਚੜ੍ਹ ਆਇਆ। ਉਹ ਛੱਤ ਦੇ ਦੂਜੇ ਕਿਨਾਰੇ ਵੀ ਜਲਦੀ ਨਾਲ ਆ ਪਹੁੰਚੇ ਅਤੇ ਫਿਰ ਥੱਲੇ ਵੀ ਰਸੇ ਦੀ ਮੱਦਦ ਨਾਲ ਉਤਰ ਆਏ। ਉਹਨਾਂ ਆਲੇ ਦੁਆਲੇ ਝਾਕਿਆ। ਉਹਨਾਂ ਦੀ ਆਜ਼ਾਦੀ ਦੇ ਦਰਮਿਆਨ ਸਿਰਫ਼ ਜੇਲ੍ਹ ਦੀ ਚਾਰ ਦੀਵਾਰੀ ਹੀ ਰਹਿ ਗਈ ਸੀ ਜਿਹੜੀ 15 ਫੁੱਟ ਉੱਚੀ ਸੀ। ਉਹ ਅਜੇ ਜੇਲ੍ਹ ਦੀ ਛੱਤ ਤੇ ਹੀ ਸਨ। ਜਦੋਂ ਉਹ ਜੇਲ੍ਹ ਦੀ ਛੱਤ ਦੇ ਉੱਪਰ ਲੇਟ ਕੇ ਘਿਸਕ ਰਹੇ ਸਨ ਤਾਂ ਉਹਨਾਂ ਨੇ ਇਕ ਅਜੀਬ ਆਵਾਜ਼ ਸੁਣੀ ਸੀ। ਉਹਨਾਂ ਨੂੰ ਜਲਦੀ ਪਤਾ ਲੱਗ ਗਿਆ ਕਿ ਇਹ ਕਿਸ ਦੀ ਅਵਾਜ਼ ਹੈ। ਥੱਲੇ ਇਕ ਗਾਰਡ ਜੇਲ੍ਹ ਬਿਲਡਿੰਗ ਦੇ ਦੁਆਲੇ ਸਾਈਕਲ ਚਲਾਉਂਦਾ ਹੋਇਆ ਹਰ ਤਿੰਨ ਮਿੰਟ ਵਿਚ ਖੁਲ੍ਹੇ ਹਾਤੇ ਵਿਚ ਇਕ ਚੱਕਰ ਜੇਲ੍ਹ ਬਿਲਡਿੰਗ ਦੇ ਦੁਆਲੇ ਪੂਰਾ ਕਰ ਲੈਂਦਾ। ਡੇਇਗਨੀ ਨਿਰਾਸ਼ ਹੋ ਗਿਆ ਕਿ ਕਾਮਯਾਬੀ ਦੇ ਏਨੇ ਨੇੜੇ ਪਰ ਇਸ ਇਕ ਹੋਰ ਮੁਸੀਬਤ ਦਾ ਸਾਹਮਣਾ ਉਹ ਕਿਸ ਤਰ੍ਹਾਂ ਕਰੇਗਾ। ਉਸ ਦੀ ਸੋਚ ਗੰਭੀਰ ਹੋ ਗਈ ਕਿ ਕੀਤੇ ਕਰਾਏ ਤੇ ਪਾਣੀ ਨਾ ਫਿਰ ਜਾਏ। ਉਹਨਾਂ ਦੀ ਜੇਲ੍ਹ ਕੋਠੜੀ ਖੁਲ੍ਹੀ ਸੀ ਅਤੇ ਸਵੇਰਾ ਜਲਦੀ ਹੋ

ਰਿਹਾ ਸੀ ਅਤੇ Skylight ਵਿਚੋਂ ਲਾਈਟ ਆਉਣ ਦਾ ਖ਼ਤਰਾ ਵੱਧ ਰਿਹਾ ਸੀ। ਸਭ ਤੋਂ ਭੈੜੀ ਨਿਸ਼ਾਨੀ ਇਹ ਸੀ ਕਿ ਮਾਰਿਆ ਹੋਇਆ ਗਾਰਡ ਵੀ ਉਥੇ ਹੀ ਡਿੱਗਿਆ ਹੋਇਆ ਨਜ਼ਰ ਆ ਸਕਦਾ ਸੀ। ਪੱਕੀ ਗੱਲ ਸੀ ਕਿ ਕਿਸੇ ਨਾ ਕਿਸੇ ਗਾਰਡ ਨੇ ਕੋਈ ਵੀ ਨਿਸ਼ਾਨੀ ਦੇਖ ਕੇ ਜੇਲ੍ਹ ਵਿਚੋਂ ਬਾਹਰ ਨਿਕਲਣ ਬਾਰੇ ਦੀ ਕੋਸ਼ਿਸ਼ ਨੂੰ ਸਮਝ ਜਾਏਗਾ ਅਤੇ Emergency Alarm ਵਜਾ ਦੇਵੇਗਾ। ਹਰ ਲੰਘਦਾ ਪਲ ਉਹਨਾਂ ਦੇ ਬਾਹਰ ਨਿਕਲਣ ਦੇ ਮੌਕੇ ਵਾਸਤੇ ਭਾਰੀ ਖ਼ਤਰਾ ਸੀ। ਡੇਇਗਨੀ ਨੇ ਇਹ ਵਿਚਾਰ ਆਪਣੇ ਕੋਲ ਹੀ ਰੱਖੇ। ਉਹ ਕਿਸੇ ਹਾਲਤ ਵਿਚ ਵੀ ਜਿਮਨੇਜ਼ ਨੂੰ ਇਸ ਬਾਰੇ ਦੱਸਣਾ ਨਹੀਂ ਚਾਹੁੰਦਾ ਸੀ ਕਿ ਬਚਿਆ ਹੋਇਆ ਹੌਂਸਲਾ ਨਾ ਛੱਡ ਦੇਵੇ। ਡੇਇਗਨੀ ਨੇ ਜਿਮਨੇਜ਼ ਨੂੰ ਕਿਹਾ ਕਿ ਮੈਨੂੰ ਥੱਲੇ ਤੋਂ ਕੁਝ ਆਵਾਜ਼ਾਂ ਆਉਂਦੀਆਂ ਸੁਣ ਰਹੀਆਂ ਹਨ ਤੂੰ ਵੀ ਧਿਆਨ ਨਾਲ ਸੁਣ। ਥੱਲੇ ਵਿਹੜੇ ਵਿਚ ਜ਼ਰੂਰ ਕੁਝ ਗਾਰਡ ਹੋਣਗੇ। ਸਾਡੇ ਬਚ ਨਿਕਲਣ ਦੇ ਚਾਂਨਸ ਹੋਰ ਭੈੜੇ ਹੋ ਗਏ ਹਨ।

ਪਰ ਜਦੋਂ ਉਹ ਸਾਈਕਲ ਸਵਾਰ ਗਾਰਡ ਲੰਘਿਆ ਤਾਂ ਉਹਨਾਂ ਨੇ ਸੁਣਿਆ ਕਿ ਉਹ ਗਾਰਡ ਅਪਨੇ ਆਪ ਨਾਲ ਹੀ ਗੱਲਾਂ ਕਰ ਰਿਹਾ ਸੀ। ਦੋਨਾਂ ਨੇ ਸੁੱਖ ਦਾ ਸਾਹ ਲਿਆ। ਖ਼ੈਰ ਅਖੀਰਲੇ ਪੜਾਅ ਨੂੰ ਪਾਰ ਕਰਨ ਵਾਸਤੇ ਤਿਆਰ ਹੋ ਗਏ।

ਜਦੋਂ ਘੜੀ ਨੇ ਤਿੰਨ ਵਜਾਏ ਤਾਂ ਡੇਇਗਨੀ ਨੇ ਰਸਾ ਬਾਹਰਲੀ ਦੀਵਾਰ ਦੇ ਉੱਪਰ ਸੁੱਟਿਆ। Lamp-frame ਨੂੰ ਦੀਵਾਰ ਵਿਚ ਚੰਗੀ ਤਰ੍ਹਾਂ ਫਸਾ ਦਿੱਤਾ। ਉਹਨਾਂ ਨੇ ਰਸੇ ਦਾ ਇਕ ਸਿਰਾ ਚਿਮਨੀ ਨਾਲ ਘੁਟ ਕੇ ਬੰਨ੍ਹ ਦਿੱਤਾ। ਉਸ ਵੇਲੇ ਸਾਈਕਲ ਸਵਾਰ ਗਾਰਡ ਨੇ ਆਪਣੀ ਸਾਈਕਲ ਕੈਦੀਆਂ ਦੇ ਠੀਕ ਹੇਠ ਫਰਸ਼ ਤੇ ਖੜ੍ਹੀ ਕਰ ਦਿੱਤੀ ਤੇ ਆਪ ਕੰਬਲ ਦੀ ਬੁਕਲ ਮਾਰ ਕੇ ਥੱਲੇ ਬੈਠ ਗਿਆ।

ਡੇਇਗਨੀ ਤੇ ਜਿਮਨੇਜ਼ ਨੂੰ ਸਮਝ ਨਾਂ ਆਏ ਕਿ ਹੁਣ ਕੀ ਕਰਨ। ਔਖੀਆਂ ਘੜੀਆਂ ਬੀਤਣ ਲੱਗੀਆਂ ਤੇ ਕਿਸੇ ਵੀ ਪਲ ਕੋਈ ਵੀ ਗਾਰਡ ਚੀਕ ਉਠੇਗਾ ਕਿ ਜੇਲ੍ਹ ਦਾ ਐਮਰਜੈਂਸੀ ਘੜਿਆਲ ਵਜਾਓ। ਪੂਰਬ ਵੱਲ ਸੂਰਜ ਦੀ ਹਲਕੀ ਪੀਲੀ ਲੋਅ ਅਸਮਾਨ ਦੇ ਥੱਲੇ ਵਾਲੇ ਹਿੱਸੇ ਤੇ ਨਜ਼ਰ ਆਉਣ ਲੱਗ ਪਈ। ਸਵੇਰ ਜਲਦੀ ਹੋ ਜਾਵੇਗੀ। ਥੱਲੇ ਬੈਠੇ ਗਾਰਡ ਨੇ ਉਪਰੋਂ ਲਟਕਦਾ ਰਸਾ ਨਾਂ ਦੇਖਿਆ। ਉਹ ਸਾਈਕਲ ਤੇ ਸਵਾਰ ਹੋ ਕੇ ਦੁਬਾਰਾ ਜੇਲ੍ਹ ਦੇ ਦੁਆਲੇ ਚੱਕਰ ਲਗਾਉਣ ਲੱਗ ਪਿਆ। ਉਨ੍ਹਾਂ ਦੇ ਚਿਹਰੇ ਤੇ ਖਿਚੋਤਾਣ ਨਜ਼ਰ ਆ ਰਹੀ ਸੀ। ਪ੍ਰੰਤੂ ਇਹ ਵੇਲਾ ਜਾਂ ਬਚ ਨਿਕਲਣ ਦਾ ਸੀ ਜਾਂ ਕਦੀ ਵੀ ਨਹੀਂ। ਡੇਇਗਨੀ ਹੌਲੀ ਬੋਲਿਆ, "ਜਿਮਨੇਜ਼ ਤੂੰ ਪਹਿਲਾਂ ਚੱਲ ਅਤੇ ਤੇਰੇ ਪਿੱਛੋਂ ਮੈਂ ਆਉਂਦਾ ਹਾਂ।"

ਲੜਕਾ ਵੀ ਅੱਗੋਂ ਬੋਲਿਆ ਕਿ ਜੇ ਰਸਾ ਟੁੱਟ ਗਿਆ ਜਾਂ ਮੈਨੂੰ ਗਾਰਡਾਂ ਨੇ ਦੇਖ ਲਿਆ ਤਾਂ ਉਹ ਮੈਨੂੰ ਗੋਲੀ ਨਾਲ ਸ਼ੂਟ ਕਰ ਦੇਣਗੇ। ਇਸ ਕਰਕੇ ਤੁਸੀਂ ਪਹਿਲਾਂ ਜਾਓ ਮੈਂ ਪਿਛੋਂ ਆਵਾਂਗਾ।

ਡੇਇਗਨੀ ਦੀ ਬਰਦਾਸ਼ਤ ਹਦੋਂ ਬਾਹਰ ਹੋ ਗਈ ਅਤੇ ਉਸ ਨੇ ਜਿਮਨੇਜ਼ ਨੂੰ ਘੂਰਿਆ ਕਿ, "ਹੁਣੇ ਜਾ, ਨਹੀਂ ਤਾਂ ਮੈਂ ਤੇਰਾ ਗਲਾ ਦਬਾਅ ਕੇ ਤੈਨੂੰ ਇਥੇ ਹੀ ਮਾਰ ਦਿਆਂਗਾ।"

ਉਹਨਾਂ ਦੀ ਤਿੱਖੀ ਘੁਸਰ ਮੁਸਰ ਆਪਸ ਵਿਚ ਚੱਲ ਪਈ। ਆਖਰ ਡੇਇਗਨੀ ਨੇ ਰਸਾ ਪਕੜ ਕੇ ਜਿੰਨੀ ਜਲਦੀ ਹੋ ਸਕਿਆ ਦੀਵਾਰ ਦੇ ਉੱਪਰ ਚੜ੍ਹ ਗਿਆ। ਜਿਮਨੇਜ਼ ਵੀ ਬਾਅਦ ਵਿਚ ਉੱਪਰ ਚੜ੍ਹ ਆਇਆ। ਦੋਨੋਂ ਜਣੇ ਜੇਲ੍ਹ ਦੀ ਬਾਹਰਲੀ ਦੀਵਾਰ ਦੇ ਉੱਪਰ-ਉੱਪਰ ਕੁਬੇ ਹੋ ਕੇ ਚਲਦੇ ਹੋਏ ਜਿਥੋਂ ਦੀਵਾਰ ਕੁਝ ਨੀਵੀਂ ਸੀ ਉਥੇ ਆ ਪਹੁੰਚੇ। ਉਹ ਹੁਣ ਜੇਲ੍ਹ ਦੀ ਦੀਵਾਰ ਤੋਂ ਛਾਲ ਮਾਰ ਕੇ ਬਾਹਰ ਜਾ ਸਕਦੇ ਸਨ। ਦੋਨੋਂ ਠਕ ਕਰਕੇ ਬਾਹਰ ਥਲੇ ਡਿੱਗੇ। ਉਹ ਅਜ਼ਾਦ ਸਨ।

ਡੇਇਗਨੀ ਤੇ ਜਿਮਨੇਜ਼ ਇਕ ਫੈਕਟਰੀ ਵੱਲ ਜਾਂਦਿਆਂ ਮਜ਼ਦੂਰਾਂ ਵਿਚ ਰਲ ਗਏ। ਇਹ ਸਵੇਰ ਦੀ ਸ਼ਿਫ਼ਟ ਸੀ। ਜੇਲ੍ਹ ਵਿਚ ਗਾਰਡਾਂ ਨੂੰ ਜਦੋਂ ਤੱਕ ਉਹਨਾਂ ਦੀ ਖੁਲ੍ਹੀ ਜੇਲ੍ਹ ਕੋਠੜੀ ਜਾਂ ਮਰੇ ਹੋਏ ਗਾਰਡ ਦਾ ਪਤਾ ਲੱਗਾ ਹੋਵੇਗਾ ਉਦੋਂ ਤੱਕ ਦੋਵੇਂ ਕੈਦੀ ਦੂਰ ਪਿੰਡਾਂ ਤੱਕ ਗਾਇਬ ਹੋ ਚੁੱਕੇ ਸਨ।

ਜਿਮਨੇਜ਼ ਉਸ ਦਾ ਸਾਥੀ ਕੈਦੀ ਚੰਗੀ ਕਿਸਮਤ ਵਾਲਾ ਨਾ ਸਾਬਤ ਹੋਇਆ ਅਤੇ ਦੁਬਾਰਾ ਪਕੜਿਆ ਗਿਆ। ਉਹਦੇ ਹਸ਼ਰ ਦਾ ਪਤਾ ਤੇ ਨਹੀਂ ਮਿਲ ਸਕਿਆ ਪਰ ਜ਼ਰੂਰ ਹੀ ਉਸ ਨੂੰ ਨਾਜ਼ੀ ਜਰਮਨ ਪੁਲਿਸ ਨੇ ਜੇਲ੍ਹ ਵਿਚ ਫਾਂਸੀ ਦਿੱਤੀ ਹੋਵੇਗੀ ਜਾਂ ਸ਼ੂਟ ਕਰ ਦਿੱਤਾ ਹੋਵੇਗਾ।

**ਬਾਅਦ ਵਿਚ** - ਡੇਇਗਨੀ Switzerland ਵਿਚੋਂ ਹੁੰਦਾ ਹੋਇਆ ਉੱਤਰੀ ਅਫਰੀਕਾ ਵਿਚ ਫਰਾਂਸੀਸੀ ਫੌਜਾਂ, ਜੋ ਕਿ ਲੜ ਰਹੀਆਂ ਸਨ, ਉਹਨਾਂ ਵਿਚ ਸ਼ਾਮਲ ਹੋ ਕੇ ਦੁਸ਼ਮਨ ਫੌਜਾਂ ਨਾਲ ਖੂਬ ਲੜਿਆ। ਲੜਾਈ ਬੰਦ ਹੋ ਗਈ। ਜਰਮਨ ਹਾਰ ਗਿਆ ਸੀ। ਫਰਾਂਸ ਦੀਆਂ ਫੌਜਾਂ ਵਾਪਸ ਫਰਾਂਸ ਆ ਗਈਆਂ। ਉਸ ਵੇਲੇ ਦੇ ਫਰਾਂਸ ਦੇ President De Gaulle ਨੇ ਡੇਇਗਨੀ ਨੂੰ ਬਹੁਤ ਵੱਡੀ ਇੱਜ਼ਤ ਵਾਲਾ ਤਗਮਾ ਦੇ ਕੇ ਸਨਮਾਨਿਤ ਕੀਤਾ। ਤਗਮੇ ਦਾ ਨਾਮ ਸੀ "Cross of Liberation Medal". ਫਰਾਂਸ ਦੇ President De Gaulle ਨੇ ਡੇਇਗਨੀ ਨੂੰ ਉੱਚ ਪਦਵੀ ਤੇ ਖੁਫੀਆ ਸੇਵਾਵਾਂ ਦਾ ਅਫ਼ਸਰ ਵੀ ਥਾਪ ਦਿੱਤਾ।

ਹੁਣ ਜਰਮਨੀ Powerless ਦੇਸ਼ ਹੋ ਚੁੱਕਾ ਸੀ।

1957 ਵਿਚ ਨਿਰਦੇਸ਼ਕ ਰਾਬਰਟ ਬਰੇਸਨ ਨੇ "Escape from Montluc" ਨਾਮ ਦੀ ਫ਼ਿਲਮ ਬਣਾਈ। ਡੇਇਗਨੀ ਨੂੰ ਇਸ ਫ਼ਿਲਮ ਦਾ ਸਲਾਹਕਾਰ Advisor ਰੱਖਿਆ। ਇਹ ਫ਼ਿਲਮ ਉਸੇ ਮਾਂਟਲੂਸ ਜੇਲ੍ਹ ਵਿਚ ਹੀ ਬਣਾਈ ਗਈ ਅਤੇ ਨਾਇਕਾਂ (Actors) ਨੇ ਡੇਇਗਨੀ ਤੇ ਜਿਮਨੇਜ਼ ਵਾਲਾ ਉਹੀ ਰਸਾ ਇਸਤੇਮਾਲ ਕੀਤਾ। ਡੇਇਗਨੀ 1971 ਵਿਚ ਰਿਟਾਇਰ ਹੋ ਕੇ 1999 ਵਿਚ ਮਰ ਗਿਆ।

ਲੜਾਈ ਸਮਾਪਤ ਹੋ ਜਾਣ ਬਾਦ ਜਰਮਨ ਦੇ ਦੋ ਟੁਕੜੇ ਹੋ ਗਏ ਸਨ ਅਤੇ ਉਹਨਾਂ ਨੂੰ ਫੌਜ ਨਾ ਰੱਖਣ ਦੇ ਵੀ ਅੰਦੇਸ਼ਾਂ ਦੀ ਪਾਲਣਾ ਕਰਨੀ ਪਈ। ਲੜਾਈ ਦੇ ਬਾਅਦ ਮਾਂਟਲੂਸ ਜੇਲ੍ਹ ਦਾ ਚੀਫ਼, ਕਲਾਜ਼ ਬਾਰਬ ਜੋ ਕਿ ਜਰਮਨ ਸੀ, ਫਰਾਂਸ ਵਿਚੋਂ ਨਿਕਲ ਕੇ Bolivia ਵਿਚ ਜਾ ਛੁਪਿਆ। ਉਸ ਨੂੰ ਖ਼ਤਰਾ ਸੀ ਕਿ ਉਸ ਦੀ ਡਿਊਟੀ ਵੇਲੇ ਡੇਇਗਨੀ ਅਤੇ ਜਿਮਨੇਜ਼ ਬਾਹਰ ਨਿਕਲ ਗਏ ਸਨ ਅਤੇ ਜੇ ਉਹ ਜਰਮਨ ਵਿਚੋਂ ਨਾ ਨਿਕਲਦਾ ਤਾਂ ਉਸ ਨੂੰ ਉਸ ਵੇਲੇ ਦੇ ਜਰਮਨ ਅਧਿਕਾਰੀਆਂ ਨੇ ਮਾਰ ਦੇਣਾ ਸੀ। ਪਰ ਉਹ ਵੀ ਫਰਾਂਸੀਸੀ ਫੌਜਾਂ ਦੇ ਹੱਥੇਂ ਪਕੜਿਆ ਗਿਆ ਅਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਮਾਂਟਲੂਸ ਜੇਲ੍ਹ ਵਿਚ ਹੀ 1963 ਵਿਚ ਲਿਆਂਦਾ ਗਿਆ। ਉਸ ਤੇ ਮਕੱਦਮਾ ਚਲਿਆ ਅਤੇ ਉਸ ਨੂੰ War Crimes ਘੋਸ਼ਿਤ ਕੀਤਾ ਅਤੇ ਉਮਰ ਭਰ ਦੀ ਸਜ਼ਾ ਹੋਈ। ਉਹ 1991 ਵਿਚ ਉਸੇ ਜੇਲ੍ਹ ਵਿਚ ਦਮ ਤੋੜ ਗਿਆ।

# ਰੋਜ਼ਾਨਾ ਜੀਵਨ ਦੀਆਂ ਆਮ ਸਰੀਰਕ ਤਕਲੀਫ਼ਾਂ ਦੂਰ ਕਰਨ ਲਈ ਕੁਝ ਸਾਧਾਰਨ ਕਸਰਤਾਂ

**ਨਵਪ੍ਰੀਤ ਕੌਰ**



ਸਾਡਾ ਸਰੀਰ ਦਿਨ ਭਰ ਦੇ ਕੰਮਾਂਕਾਰਾਂ ਦੌਰਾਨ ਕਈ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਤਣਾਅ ਝੱਲਦਾ ਹੈ ਅਤੇ ਕਈ ਵਾਰ ਇਹ ਤਣਾਅ ਸਰੀਰ ਦੇ ਕਿਸੇ ਖਾਸ ਹਿੱਸੇ ਵਿਚ ਸਾਧਾਰਨ ਨਾਲੋਂ ਵੱਧ ਤਕਲੀਫ਼ ਪੈਦਾ ਕਰਨ ਲੱਗਦਾ ਹੈ। ਲਗਾਤਾਰ ਕਸਰਤ ਦੇ ਜ਼ਰੀਏ ਸਰੀਰ ਵਿਚ ਪੈਦਾ ਹੋਣ ਵਾਲੀਆਂ ਕਈ ਸਮੱਸਿਆਵਾਂ ਨੂੰ ਬੜੀ ਅਸਾਨੀ ਨਾਲ ਹੱਲ ਕੀਤਾ ਜਾ ਸਕਦਾ ਹੈ। ਸ਼ੁਰੂ ਵਿਚ ਮਾਮੂਲੀ ਲੱਗਣ ਵਾਲੀਆਂ ਇਨ੍ਹਾਂ ਤਕਲੀਫ਼ਾਂ ਨੂੰ ਜੇਕਰ ਅਣਗੌਲਿਆ ਕੀਤਾ ਜਾਵੇ ਤਾਂ ਅੱਗੇ ਜਾ ਕੇ ਕਿਸੇ ਗੰਭੀਰ ਬੀਮਾਰੀ ਦਾ ਕਾਰਨ ਵੀ ਬਣ ਸਕਦੀਆਂ ਹਨ। ਅੱਗੇ ਦਿੱਤੀਆਂ ਕਸਰਤਾਂ ਆਮ ਤੌਰ 'ਤੇ ਬਹੁਤ ਸੁਰੱਖਿਅਤ ਹਨ ਪਰ ਜੇਕਰ ਕਿਸੇ ਕਸਰਤ ਨਾਲ ਇਕ ਦਮ ਤੇਜ਼ ਦਰਦ ਪੈਦਾ ਹੁੰਦਾ ਹੈ ਜਾਂ ਕਸਰਤ ਕਰਨ ਤੋਂ ਕਈ ਘੰਟੇ ਬਾਅਦ ਵੀ ਦਰਦ ਕਾਇਮ ਰਹਿੰਦਾ ਹੈ ਤਾਂ ਕਸਰਤ ਬੰਦ ਕਰਕੇ ਡਾਕਟਰ ਦੀ ਸਲਾਹ ਲਉ। ਸ਼ੁਰੂ ਵਿਚ ਕਸਰਤ ਕਰਨ ਨਾਲ ਸਰੀਰ ਵਿਚ ਹਲਕਾ ਥਕਾਵਟ ਨੁਮਾ ਦਰਦ ਹੋਣਾ ਸੁਭਾਵਿਕ ਹੈ ਅਤੇ ਇਹ ਕੁਝ ਸਮੇਂ ਬਾਅਦ ਆਪਣੇ ਆਪ ਗਾਇਬ ਹੋ ਜਾਂਦਾ ਹੈ।

ਆਮ ਤੌਰ 'ਤੇ ਕਸਰਤ ਦੋ ਤਰ੍ਹਾਂ ਦੀ ਹੋ ਸਕਦੀ ਹੈ :

1. ਪਹਿਲੀ ਜੋ ਮਾਸਪੇਸ਼ੀਆਂ ਨੂੰ ਖਿੱਚ ਕੇ ਫੈਲਾਉਂਦੀ ਹੈ। ਇਸ ਕਸਰਤ ਨਾਲ ਮਾਸਪੇਸ਼ੀਆਂ ਦੀ ਲਚਕਤਾ ਵੱਧਦੀ ਹੈ ਅਤੇ ਜੋੜਾਂ ਦੀ ਹਰਕਤ ਦੀ ਸੀਮਾਂ ਵਿਚ ਵੀ ਸੁਧਾਰ ਹੁੰਦਾ ਹੈ। ਇਹ ਕਸਰਤ ਰੋਜ਼ਾਨਾ ਕਰਨ ਨਾਲ ਸਰੀਰ ਵਿਚ ਹੋਣ ਵਾਲੇ ਜੋੜਾਂ ਅਤੇ ਮਾਸਪੇਸ਼ੀਆਂ ਦੇ ਦਰਦ ਦਾ ਖ਼ਤਰਾ ਕਾਫੀ ਘੱਟ ਜਾਂਦਾ ਹੈ।

2. ਦੂਸਰੀ ਤਰ੍ਹਾਂ ਦੀ ਕਸਰਤ ਮਾਸਪੇਸ਼ੀਆਂ ਦੀ ਤਾਕਤ ਵਧਾਉਣ ਵਿਚ ਸਹਾਈ ਹੁੰਦੀ ਹੈ। ਮਜ਼ਬੂਤ ਮਾਸਪੇਸ਼ੀਆਂ ਜੋੜਾਂ ਨੂੰ ਸਥਿਰਤਾ ਪ੍ਰਦਾਨ ਕਰਕੇ ਕਿਸੇ ਨੁਕਸਾਨ ਤੋਂ ਬਚਾਉਂਦੀਆਂ ਹਨ।

ਦੋਹਾਂ ਹੀ ਤਰ੍ਹਾਂ ਦੀਆਂ ਕਸਰਤਾਂ ਜੋੜਾਂ ਅਤੇ ਮਾਸਪੇਸ਼ੀਆਂ ਦੀ ਤਕਲੀਫ ਦੂਰ ਕਰਨ ਲਈ ਇਕੋ ਜਿਹੀਆਂ ਲਾਭਵੰਦ ਹਨ।

**ਗਰਦਨ ਦੀ ਤਕਲੀਫ਼** - ਗਰਦਨ ਵਿਚ ਦਰਦ ਦੇ ਕਈ ਕਾਰਨ ਹੋ ਸਕਦੇ ਹਨ। ਇਹ ਦਰਦ ਅਚਾਨਕ ਮਾਸਪੇਸ਼ੀਆਂ ਦੇ ਕਿਸੇ ਦਬਾਅ ਹੇਠ ਆਉਣ ਜਾਂ ਝਟਕਾ ਲੱਗਣ ਕਾਰਨ ਹੋ ਸਕਦਾ ਹੈ ਜੋ ਆਮ ਤੌਰ 'ਤੇ ਕੁਝ ਸਮੇਂ ਬਾਅਦ ਠੀਕ ਹੋ ਜਾਂਦਾ ਹੈ। ਗਰਦਨ ਦੇ ਮਣਕਿਆਂ ਵਿਚ ਵਿਗਾੜ ਕਾਰਨ ਹੋਣ ਵਾਲਾ ਦਰਦ ਕਈ ਵਾਰ ਲੰਮੇ ਸਮੇਂ ਤੱਕ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ। ਕੁਝ ਹਲਕੀਆਂ ਕਸਰਤਾਂ ਦਰਦ ਨੂੰ ਘਟਾਉਣ ਵਿਚ ਮੱਦਦ ਕਰਦੀਆਂ ਹਨ। ਜੇਕਰ ਤਕਲੀਫ਼ ਜ਼ਿਆਦਾ ਹੈ ਜਾਂ ਬਹੁਤ ਲੰਮੇ ਸਮੇਂ ਤੋਂ ਹੈ ਤਾਂ ਡਾਕਟਰ ਨਾਲ ਸਲਾਹ ਕਰਕੇ ਸਹੀ ਕਾਰਨ ਦਾ ਪਤਾ ਲਗਾਉਣਾ ਅਤੇ ਕਸਰਤ ਦੀਆਂ ਸਾਵਧਾਨੀਆਂ ਬਾਰੇ ਸੁਝਾਅ ਜ਼ਰੂਰ ਲੈਣਾ ਚਾਹੀਦਾ ਹੈ। ਤਕਲੀਫ਼ ਦੂਰ ਹੋਣ ਤੋਂ ਬਾਅਦ ਵਿਚ ਵੀ ਇਹ ਕਸਰਤਾਂ ਜਾਰੀ ਰੱਖਣ ਨਾਲ ਗਰਦਨ ਦੀ ਪ੍ਰੇਸ਼ਾਨੀ ਦੁਬਾਰਾ ਹੋਣ ਤੋਂ ਬਚਿਆ ਜਾ ਸਕਦਾ ਹੈ।

**ਗਰਦਨ ਦੀ ਲਚਕਤਾ ਜਾਂ ਹਰਕਤ ਦੀ ਸੀਮਾ ਵਧਾਉਣ ਲਈ ਕਸਰਤ** - ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਬਿਲਕੁਲ ਸਿੱਧੀ ਰਹੇ ਅਤੇ ਗਰਦਨ ਜਾਂ ਮੋਢਿਆਂ ਵਿਚ ਕਿਸੇ ਕਿਸਮ ਦਾ ਤਣਾਅ ਪੈਦਾ ਨਹੀਂ ਹੋਣਾ ਚਾਹੀਦਾ। ਕਸਰਤ ਦੀ ਹਰ ਹਰਕਤ ਨਿਯੰਤਰਿਤ ਤਰੀਕੇ ਨਾਲ ਕਰਨੀ ਵੀ ਬਹੁਤ ਜ਼ਰੂਰੀ ਹੈ। ਇਹ ਕਸਰਤ ਦਿਨ ਵਿਚ 2-3 ਵਾਰ ਕਰਨ ਦੀ ਕੋਸ਼ਿਸ਼ ਕਰੋ।

* ਠੋਡੀ ਨੂੰ ਛਾਤੀ ਦੇ ਨਾਲ ਲਗਾਉ ਅਤੇ ਫਿਰ ਜਿੰਨਾ ਹੋ ਸਕੇ ਠੋਡੀ ਨੂੰ ਉੱਪਰ ਚੁੱਕੋ। ਇਹ ਹਰਕਤ 6-7 ਵਾਰ ਦੁਹਰਾਉ।

* ਗਰਦਨ ਘੁਮਾ ਕੇ ਠੋਡੀ ਨੂੰ ਖੱਬੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਦੂਸਰੇ ਪਾਸੇ ਘੁਮਾ ਕੇ ਸੱਜੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਨੂੰ 6-7 ਵਾਰ ਦੁਹਰਾਉ।

* ਖੱਬੇ ਕੰਨ ਨੂੰ ਖੱਬੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਸੱਜੇ ਕੰਨ ਨੂੰ ਸੱਜੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਹਰਕਤ ਸਮੇਂ ਧਿਆਨ ਰਹੇ ਕਿ ਮੋਢਾ ਉੱਪਰ ਨੂੰ ਨਹੀਂ ਚੁੱਕਿਆ ਜਾਣਾ ਚਾਹੀਦਾ। ਇਹ ਹਰਕਤ ਵੀ 6-7 ਵਾਰ ਦੁਹਰਾਉ।

**ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਲਈ ਕਸਰਤ** - ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਅਤੇ ਗਰਦਨ ਬਿਲਕੁਲ ਸਿੱਧੀ ਰੱਖੋ। ਮੋਢੇ ਪਿੱਛੇ ਅਤੇ ਤਣਾਅ ਰਹਿਤ ਰਹਿਣੇ ਚਾਹੀਦੇ ਹਨ। ਦਿਨ ਵਿਚ 2-3 ਵਾਰ

ਕੀਤੀ ਇਹ ਕਸਰਤ ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਵਿਚ ਬਹੁਤ ਸਹਾਈ ਹੁੰਦੀ ਹੈ।

1. ਸੱਜੇ ਹੱਥ ਨੂੰ ਸਿਰ ਦੇ ਸੱਜੇ ਪਾਸੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਖੱਬੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

2. ਖੱਬੇ ਹੱਥ ਨੂੰ ਸਿਰ ਦੇ ਖੱਬੇ ਪਾਸੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਸੱਜੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

3. ਦੋਵੇਂ ਹੱਤ ਜਾਂ ਇਕ ਹੱਥ ਮੱਥੇ ਠਤੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਪਿੱਛੇ ਵੱਲ ਝੁਕਣ ਤੋਂ ਰੋਕੇ। 10 ਸਕਿੰਟ ਵਿਚ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

4. ਦੋਵੇਂ ਹੱਥ ਜਾਂ ਇਕ ਹੱਥ ਸਿਰ ਦੇ ਪਿੱਛੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਅੱਗੇ ਵੱਲ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

# ਨਿਊਜ਼ੀਲੈਂਡ ’ਚ ਪੰਜਾਬੀ ਡਿਵੈਲਪਰਾਂ ਤੇ ਬੋਰਡ ਮੈਂਬਰ ਡਾ. ਅਸ਼ਰਫ ਚੌਧਰੀ ਨੇ ਗਲੀ ਦਾ ਨਾਂਅ ਰੱਖਵਾ ਦਿੱਤਾ ‘ਵਾਹਿਗੁਰੂ ਲੇਨ’




**ਔਕਲੈਂਡ** : ਨਿਊਜ਼ੀਲੈਂਡ ਦੇ ਰਾਸ਼ਟਰੀ ਗੀਤ ਵਾਲੀ ਕਵਿਤਾ ‘ਗੌਡ ਡਿਫੈਂਡ ਨਿਊਜ਼ੀਲੈਂਡ’ ਇਕ ਇਰਸ਼ ਜਨਮੇ ਕਵੀ ਥੌਮਸ ਬ੍ਰੈਕੇਨ ਨੇ 1870 ਵਿਚ ਲਿਖੀ ਸੀ ਅਤੇ 1876 ਦੇ ਵਿਚ ਇਸ ਦੀ ਸੰਗੀਤਮਈ ਤਰਜ਼ ਮੈਲਬੌਰਨ ਦੇ ਤਿੰਨ ਸੰਗੀਤਕਾਰਾਂ ਨੇ ਬਣਾਈ ਸੀ ਅਤੇ ਵੱਡਾ ਇਨਾਮ ਜਿੱਤਿਆ ਸੀ। ਇਸ ਦੇਸ਼ ਦਾ ਈਸ਼ਵਰ ਦੇ ਵਿਚ ਵਿਸ਼ਵਾਸ਼ ਰੱਖਣਾ ਹੀ ਇਸ ਕਵਿਤਾ ਨੂੰ ਰਾਸ਼ਟਰੀ ਗੀਤ ਵਜੋਂ ਮਾਨਤਾ ਦੇ ਗਿਆ। ਅੱਜ ਨਿਊਜ਼ੀਲੈਂਡ ਬਹੁ-ਕੌਮੀ ਦੇਸ਼ ਹੈ ਅਤੇ ਇਥੇ ਬਾਕੀ ਭਾਈਚਾਰੇ ਦੇ ਨਾਲ-ਨਾਲ ਸਿੱਖਾਂ ਦੀ ਆਬਾਦੀ ਵੀ ਕਾਫੀ ਹੈ। 2018 ਦੀ ਜਨਗਣਨਾ ਅਨੁਸਾਰ 40,908 ਸਿੱਖ ਸਨ, ਪਰ ਹੁਣ ਗਿਣਤੀ ਕਿਤੇ ਵੱਧ ਹੈ। 30 ਤੋਂ ਵੱਧ ਗੁਰਦੁਆਰਾ ਸਾਹਿਬ ਵੱਖ-ਵੱਖ ਥਾਵਾਂ ਉਤੇ ਸਥਾਪਿਤ ਹਨ ਅਤੇ ਜਿੱਥੇ ‘ਵਾਹਿਗੁਰੂ’ ਦਾ ਨਾਮ ਸਵੇਰੇ ਸ਼ਾਮ ਜਪਿਆ ਜਾਂਦਾ ਹੈ ।‘ਵਾਹਿਗੁਰੂ’ ਸ਼ਬਦ ਸਿੱਖ ਧਰਮ ਦਾ ਅਹਿਮ ਸ਼ਬਦ ਹੈ।ਔਕਲੈਂਡ ਵਿਖੇ ਘਰ ਵਿਕਸਤ ਕਰਨ ਵਾਲੀ ਵਾਲੀ ਪੰਜਾਬੀਆਂ ਦੀ ਇਕ ਕੰਪਨੀ ‘ਸ਼ਨਸ਼ਾਈਨ ਹੋਮਜ਼ ਲਿਮਟਿਡ’ ਵਾਲਿਆਂ ਨੇ ਜਦੋਂ ਔਕਲੈਂਡ ਦੇ ਮਹੱਤਵਪੂਰਨ ਸ਼ਹਿਰ ਮੈਨੁਕਾਓ ਲਾਗੇ ਰੀਡਾਊਟ ਰੋਡ ਉਤੇ ਤਿੰਨ ਵੱਡੇ ਪਲਾਟ ਲੈ ਕੇ 19 ਨਵੇਂ ਘਰ ਬਨਾਉਣੇ ਸੀ ਤਾਂ ਉਨ੍ਹਾਂ ਉਥੇ ਬਣਨ ਵਾਲੀ ਨਵੀਂ ਗਲੀ ਦਾ ਨਾਂਅ ਰੱਖਣ ਲਈ ਤਿੰਨ ਨਾਂਅ ਪੇਸ਼ ਕੀਤੇ ਸੀ, ਜਿਹੜੇ ਕਿਤੇ ਨਾ ਕਿਤੇ ਜਾ ਕੇ ਉਸ ਇਕ ਵਾਹਿਗੁਰੂ ਦੀ ਯਾਦ ਦਿਵਾਉਂਦੇ ਸਨ ਅਤੇ ਸੁਨੇਹਾ ਛੱਡਦੇ ਸਨ ਕਿ ਪ੍ਰਮਾਤਮਾ ਇਕ ਹੈ। ਨਵੰਬਰ 2021 ਦੇ ਵਿਚ ਨਾਂਅ ਰੱਖਣ ਦੀ ਕੌਂਸਿਲ ਦੇ ਨਾਲ ਗੱਲ ਚੱਲੀ ਸੀ। ਵਰਨਣਯੋਗ ਹੈ ਕਿ ਨਵੀਂਆਂ ਗਲੀਆਂ ਅਤੇ ਬਣ ਰਹੀਆਂ ਸੜਕਾਂ ਨੂੰ ਨਾਂਅ ਦੇਣ ਦਾ ਅਧਿਕਾਰ ਸਥਾਨਕ ਕੌਂਸਲ ਕੋਲ ਹੁੰਦਾ ਹੈ ਤੇ ਸਥਾਨਕ ਲੋਕਲ ਬੋਰਡ ਮੁੱਖ ਭੂਮਿਕਾ ਅਦਾ ਕਰਦੇ ਹਨ। ਆਕਲੈਂਡ ਵਿੱਚ 21 ਲੋਕਲ ਬੋਰਡ ਹਨ, ਅਤੇ ਉਹਨਾਂ ਨੂੰ ਅਜਿਹੀਆਂ ਨਵੀਆਂ ਸੜਕਾਂ ਅਤੇ ਗਲੀ ਦੇ ਨਾਮ ਨੂੰ ਮਨਜ਼ੂਰੀ ਦੇਣ ਦਾ ਅੰਤਮ ਅਧਿਕਾਰ ਦਿੱਤਾ ਗਿਆ ਹੈ। ਪਾਕਿਸਤਾਨੀ ਮੂਲ ਦੇ ਪੰਜਾਬੀ ਅਤੇ ਸਾਬਕਾ ਸਾਂਸਦ ਡਾ. ਅਸ਼ਰਫ਼ ਚੌਧਰੀ, ਜੋ ਓਟਾਰਾ-ਪਾਪਾਟੋਏਟੋਏ ਦੇ ਲੋਕਲ ਬੋਰਡ ਮੈਂਬਰ ਹਨ, ਨੇ ਇਸ ਗਲੀ ਦਾ ਨਾਂਅ ਮੰਜ਼ੂਰ ਕਰਾਉਣ ਦੇ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਮੰਜ਼ੂਰੀ ਦਿਵਾਈ। ਇਸ ਗਲੀ ਦੇ ਵਿਚ ਬਣੇ ਨਵੇਂ 19 ਘਰ ਹੁਣ ‘ਹਾਊਸਿੰਗ ਨਿਊਜ਼ੀਲੈਂਡ’ ਦੇ ਕੋਲ ਹਨ ਅਤੇ ਉਥੇ ਵੱਖ-ਵੱਖ ਕੌਮਾਂ ਦੇ ਲੋਕ ਰਹਿੰਦੇ ਹਨ।

ਇਹ ਇੱਕ ਮਾਣ ਵਾਲੀ ਗੱਲ ਹੈ ਕਿ ਲੋਕਲ ਬੋਰਡ ਵਿੱਚ ਡਾ. ਅਸ਼ਰਫ਼ ਚੌਧਰੀ ਨੇ ਪਿਛਲੇ ਦੋ ਕਾਰਜਕਾਲਾਂ ਦੌਰਾਨ ਪਾਪਾਟੋਏਟੋਏ ਵਿੱਚ ਨਵੀਆਂ ਗਲੀਆਂ/ਸੜਕਾਂ ਲਈ ਘੱਟੋ-ਘੱਟ ਅੱਧੀ ਦਰਜਨ ਭਾਰਤੀ ਮੂਲ ਦੇ ਨਾਵਾਂ ਨੂੰ ਮਨਜ਼ੂਰੀ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਵਿੱਚ ਦੀਵਾਨ ਲੇਨ, ਸ਼ਾਹਕੋਟ ਵੇਅ ਅਤੇ ਦੀਪਕ ਲੇਨ ਵਰਗੇ ਨਾਂਅ ਸ਼ਾਮਲ ਹਨ। ਸਭ ਤੋਂ ਤਾਜ਼ਾ ਉਦਾਹਰਣ ਰੀਡਾਊਟ ਰੋਡ ਤੋਂ ਮੁੜਦੀ ਨਵੀਂ ਗਲੀ ਦਾ ਨਾਂਅ ‘ਵਾਹਿਗੁਰੂ ਲੇਨ’ ਰਖਵਾਉਣ ਦੀ ਹੈ।

ਡਾ. ਚੌਧਰੀ ਦਾ ਕਹਿਣਾ ਹੈ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਇਹ ਨਵੀਆਂ ਗਲੀਆਂ ਅਤੇ ਉਪਨਗਰ ਸਾਡੇ ਭਾਈਚਾਰੇ ਦੀ ਵਿਆਪਕ ਜਨਸੰਖਿਆ ਦੀਆਂ ਇੱਛਾਵਾਂ ਨੂੰ ਦਰਸਾਉਂਦੀਆਂ ਹੋਣੀਆਂ ਚਾਹੀਦੀਆਂ ਹਨ। ਬਿਲਡਿੰਗ ਉਦਯੋਗ ਵਿੱਚ ਹੁਣ ਏਸ਼ੀਆਈ ਪਿਛੋਕੜ ਵਾਲੇ ਬਹੁਤ ਸਾਰੇ ਮਾਹਿਰ ਲੋਕ ਸ਼ਾਮਿਲ ਹਨ ਉਹਨਾਂ ਨੂੰ ਇਸ ਗੱਲ ’ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਨਿਊਜ਼ੀਲੈਂਡ ਵਿੱਚ ਉਹਨਾਂ ਦੀ ਵਿਰਾਸਤ ਅਤੇ ਯੋਗਦਾਨ ਨੂੰ ਦਰਸਾਉਣ ਅਤੇ ਮਨਾਉਣ ਲਈ ਨਵੀਆਂ ਗਲੀਆਂ ਅਤੇ ਉਪਨਗਰਾਂ ਦੇ ਨਾਮ ਰੱਖੇ ਜਾਣ। ਇਸ ਲਈ, ਮੈਂ ਪ੍ਰਸਤਾਵਿਤ ਕਰਦਾ ਹਾਂ ਕਿ ਜਦੋਂ ਕੋਈ ਨਵਾਂ ਵਿਕਾਸ ਕੀਤਾ ਜਾਵੇ, ਤਾਂ ਅਜਿਹੀ ਮਾਨਤਾ ਲਈ ਆਪਣੇ ਲੋਕਲ ਬੋਰਡ ਨੂੰ ਜਰੂਰ ਪੁੱਛੋ। ‘ਵਾਹਿਗੁਰੂ ਲੇਨ’ ਨਾਂਅ ਰੱਖਣ ਉੱਤੇ ਉਨ੍ਹਾਂ ਪੰਜਾਬੀ ਨੌਜਵਾਨਾਂ ਤੇ ਕਮਿਊਨਿਟੀ ਨੂੰ ਵਧਾਈ ਦਿਤੀ ਹੈ।

**ਹਰਜਿੰਦਰ ਸਿੰਘ ਬਸਿਆਲਾ**

# ਜੇਠੂ ਦਾ ਕੋਠਾ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਜੇਠੂ** : ਪਲਾਟ ਵਿੱਚ ਤਾਰੋ ਦੇ ਪਸੰਦ ਦਾ ਘਰ ਬਣਾਵਾਂਗਾ ਤੇ ਐਸ ਕੰਜਰ ਕੁੜਿੱਕੀ ਸ਼ਾਹ ਦੇ ਘਰ ਨੂੰ ਮਾਰ ਕੇ ਲੱਤ ਸਮਾਨ ਚੁੱਕ ਕੇ ਨੱਚਦਾ ਟੱਪਦਾ ਆਪਣੇ ਘਰ ਜਾਵਾਂਗਾ।
(ਜੇਠੂ ਗਾਉਣਾ ਸ਼ੁਰੂ ਕਰ ਦਿੰਦਾ ਹੈ)
ਸਾਡੇ ਘਰ ਹੋਏ ਬਹਾਰ
ਖੁਸ਼ੀਆਂ ਦੀ ਹੋਏ ਛਣਕਾਰ
ਅਸੀਂ ਹੱਸ ਹੱਸ ਗੀਤ ਗਾਵਾਂਗੇ
ਗਿੱਧਾ ਤੇ ਭੰਗੜਾ ਪਾਵਾਂਗੇ।

**ਸ਼ਾਮਾਂ** : ਤੇਰਾ ਭੰਗੜਾ ਉਸ ਦਿਨ ਆਪੇ ਪੈ ਜਾਊ ਜਿਸ ਦਿਨ ਕੁੜਿੱਕੀ ਸ਼ਾਹ ਨੇ ਤੈਨੂੰ ਬਾਹਰ ਕੱਢਤਾ। ਉਹਨੇ ਕਹਿਣਾ ਏ-ਤੁਰ ਜਾ ਇਥੋਂ।

**ਜੇਠੂ** : (ਸ਼ਾਮੇ ਨੂੰ ਕਾਲਰ ਤੋਂ ਫੜ੍ਹ ਕੇ) ਤੂੰ ਨਿਕਲ ਜਾ ਕੁੜਿੱਕੀ ਕੁੱਤਿਆ ਜੇ ਭਲੀ ਚਾਹੁੰਨੈਂ।

**ਸ਼ਾਮਾਂ** : ਮੈਨੂੰ ਛੱਡ ਤੇ ਜਾ ਕੁੜਿੱਕੀ ਵੱਲ।
(ਦੋਵੇਂ ਅਨਾਊਂਸਮੈਂਟ ਦੀ ਆਵਾਜ਼ ਸੁਣ ਕੇ ਇੱਕ ਦੂਜੇ ਨੂੰ ਛੱਡ ਦਿੰਦੇ ਹਨ)

**ਅਨਾਊਂਸਮੈਂਟ** : ਇਲਾਕਾ ਨਿਵਾਸੀਉ, ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਤੁਹਾਡੇ ਆਪਣੇ ਕਸਬੇ ਦੇ ਬਾਹਰਵਾਰ ਪਾਰਕ ਵਿਚ ਇਕ ਮਹਾਂ ਰੈਲੀ ਹੋ ਰਹੀ ਹੈ, ਜਿਸ ਵਿਚ ਲੋਕਾਂ ਦੇ ਦਿਲਾਂ ਦੀ ਧੜਕਣ ਤੁਹਾਡੇ ਆਪਣੇ ਮਹਿਬੂਬ ਨੇਤਾ ਜੰਗ ਬਹਾਦਰ ਰੈਲੀ ਦੀ ਪ੍ਰਧਾਨਗੀ ਕਰਨਗੇ। ਆਪ ਕੀ ਸਰਕਾਰ, ਆਪ ਕੇ ਦਵਾਰ। ਆਪਣੇ ਕੰਮ ਧੰਦੇ ਛੱਡ ਕੇ ਇਸ ਇਤਿਹਾਸਕ ਮਹਾਂ ਰੈਲੀ ਵਿਚ ਪਹੁੰਚਣ ਦੀ ਖੇਚਲ ਕਰੋ ਤੇ ਨੇਤਾ ਜੀ ਦੇ ਕੀਮਤੀ ਵਿਚਾਰ ਸੁਣੋ। ਨੇਤਾ ਜੀ ਤੁਹਾਡੇ ਵਾਸਤੇ ਕਈ ਨਵੀਆਂ ਯੋਜਨਾਵਾਂ ਲੈ ਕੇ ਆ ਰਹੇ ਨੇ ਤੇ ਨਾਲ ਦੀ ਨਾਲ ਤੁਹਾਡੀਆਂ ਮੁਸ਼ਕਲਾਂ ਨੂੰ ਮੌਕੇ 'ਤੇ ਸੁਣ ਕੇ ਉਹਨਾਂ ਦਾ ਹੱਲ ਕੱਢਿਆ ਜਾਵੇਗਾ।

**ਜੇਠੂ** : ਮੈਂ ਜ਼ਰੂਰ ਜਾਵਾਂਗਾ ਰੈਲੀ ਵਿਚ। ਸਰਕਾਰ ਆਪ ਚੱਲ ਕੇ ਸਾਡੇ ਪਾਸ ਆਈ ਹੈ। ਕਿੰਨਾ ਫ਼ਿਕਰ ਕਰਦੀ ਏ ਸਾਡਾ ਸਾਰਿਆਂ ਦਾ ਆਪਣੀ ਸਰਕਾਰ!

**ਸ਼ਾਮਾਂ** : ਸਰਕਾਰ ਦੇ ਪੰਜ ਸਾਲ ਪੂਰੇ ਹੋ ਚੱਲੇ ਨੇ, ਪੌਣੇ ਪੰਜ ਸਾਲ ਲੋਕਾਂ ਨੂੰ ਖ਼ੂਬ ਜੁੱਤੀ ਨਾਲ ਕੁੱਟੋ, ਪਿਛਲੇ ਤਿੰਨ ਮਹੀਨੇ ਲੋਕਾਂ ਅੱਗੇ ਤੋਹਫ਼ੇ ਸੁੱਟੋ ਅਤੇ ਵੋਟਾਂ ਲੁੱਟੋ।

**ਜੇਠੂ** : ਪਰ ਰੈਲੀ ਵਿਚ ਜਾਣ ਦਾ ਕਿਹੜਾ ਬਿੱਲ ਆਉਣੈ? ਆਹ ਸਾਹਮਣੇ ਤਾਂ ਪਾਰਕ ਏ। (ਗੱਲ ਬਦਲਦਾ ਹੋਇਆ) ਮੈਂ ਸੁਣਿਐ ਸਰਕਾਰ ਸਾਡੇ ਜਿਹੇ ਗਰੀਬਾਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦੇਵੇਗੀ।

**ਸ਼ਾਮਾਂ** : ਅੱਛਾਂ ਪਲਾਟਾਂ ਦੇ ਸੁਫ਼ਨੇ ਲੈ ਰਿਹੈਂ, ਤੂੰ ਨਕਸ਼ਾ ਬਣਾਉਣ ਵਾਲੇ ਕੋਲ ਜਾ।

**ਜੇਠੂ** : ਜਾਵਾਂਗਾ, ਜ਼ਰੂਰ ਜਾਵਾਂਗਾ। ਪਤਾ ਨਹੀਂ ਸਰਕਾਰ ਕਦੋਂ ਦਿਆਲ ਹੋ ਜਾਏ। ਜਦੋਂ ਸਰਕਾਰ ਦੀਆਂ ਰਹਿਮਤਾਂ ਹੋ ਜਾਣ ਤੇ ਬੰਦਾ ਮਾਲੋਮਾਲ ਹੋ ਜਾਂਦੈ।

**ਸ਼ਾਮਾਂ** : (ਸਟੇਜ਼ ਨੰ. 2 ਵੱਲ ਇਸ਼ਾਰਾ ਕਰਦਾ ਹੋਇਆ) ਉਧਰ ਵੇਖ ਪਾਰਕ ਵੱਲ।
(ਰੋਸ਼ਨੀ ਸਟੇਜ਼ ਨੰ. 2 'ਤੇ ਪੈਂਦੀ ਹੈ)

**ਸਟੇਜ਼ ਸਕੱਤਰ** : ਇਮਾਨਦਾਰੀ ਦਾ ਮੁਜੱਸਮਾ, ਗਰੀਬਾਂ ਦੇ ਮਸੀਹੇ, ਦੀਨ ਦੁਨੀਆਂ ਦੇ ਹਮਦਰਦ, ਸਹਿਣਸ਼ੀਲਤਾ ਦੇ ਧਾਰਣੀ, ਇਨਸਾਨੀਅਤ ਦੇ ਕਦਰਦਾਨ, ਅੱਜ ਦੇ ਮੁੱਖ ਮਹਿਮਾਨ ਸਤਿਕਾਰਯੋਗ ਤੁਹਾਡੇ ਆਪਣੇ ਨੇਤਾ ਜੀ ਖ਼ਾਸ ਤੌਰ 'ਤੇ ਤੁਹਾਡੇ ਆਪਣੇ ਦਰਬਾਰ ਵਿਚ ਪਧਾਰੇ ਹਨ। ਇਸ ਤੋਂ ਪਹਿਲਾਂ ਕਿ ਉਹ ਆਪ ਜੀ ਦੇ ਰੂਬਰੂ ਹੋਣ, ਮੈਂ ਉਹਨਾਂ ਦੀ ਸਖ਼ਸ਼ੀਅਤ ਬਾਰੇ ਇਕ ਦੋ ਮਿੰਟ ਚਾਨਣਾ ਪਾਉਣਾ ਚਾਹੁੰਦਾ ਹਾਂ। ਸਾਡੇ ਨੇਤਾ ਜੀ ਦਿਨ-ਰਾਤ ਲੋਕਾਂ ਦੀ ਭਲਾਈ ਵਾਸਤੇ ਹੀ ਸਕੀਮਾਂ ਘੜਦੇ ਰਹਿੰਦੇ ਹਨ। ਗਰੀਬਾਂ ਦਾ ਦੁੱਖ ਦੇਖ ਨਹੀਂ ਸਕਦੇ। ਇਹਨਾਂ ਵਾਸਤੇ ਸਿਰਫ਼ ਇਹਨਾਂ ਉੱਪਰ ਹੀ ਮੈਂ ਇਕ ਸ਼ੇਅਰ ਅਰਜ਼ ਕਰਨ ਜਾ ਰਿਹਾ ਹਾਂ –

ਦਿਨ ਦਾ ਚੈਨ ਗਿਆ, ਰਾਤ ਦੀ ਨੀਂਦ ਉੱਡੀ
ਦਰਦ ਲੋਕਾਂ ਦਾ ਚੁੱਕੀ ਫਿਰਦੇ ਨੇ।
ਕਿਸੇ ਦੁਖੀਏ ਦੀ ਵਿਥਿਆ ਸੁਣ ਸੁਣ ਕੇ
ਇਹਨਾਂ ਦੇ ਨੈਣਾਂ 'ਚੋਂ ਅੱਥਰੂ ਕਿਰਦੇ ਨੇ।

(ਤਾੜੀਆਂ ਦੀ ਜ਼ੋਰਦਾਰ ਆਵਾਜ਼ ਗੂੰਜਦੀ ਹੈ, ਜੇਠੂ ਵੀ ਬੜੇ ਉਤਸ਼ਾਹ ਨਾਲ ਤਾੜੀ ਮਾਰਦਾ ਹੈ)

ਸਟੇਜ਼ ਨੰ. 1

**ਜੇਠੂ** : ਯਾਰ ਹੁਣ ਤਾਂ ਮਾਰ ਦੇ ਤਾੜੀ।

**ਸ਼ਾਮਾਂ** : ਸੋਹਣਾ ਲੱਗਦਾ ਏ ਤਾੜੀ ਮਾਰਦਾ। ਔਹ ਮੂਵੀ ਵਾਲਾ ਕੈਮਰਾ ਤੇਰੇ ਵੱਲ ਕਰੀ ਬੈਠੇ। ਗੌਰ ਨਾਲ ਸੁਣ, ਨੇਤਾ ਜੀ ਮੈਕ 'ਤੇ ਆ ਰਹੇ ਨੇ।

(ਸਟੇਜ਼ ਨੰ. 2 'ਤੇ ਰੋਸ਼ਨੀ ਪੈਂਦੀ ਹੈ)

**ਨੇਤਾ** : ਭਰਾਵੋ, ਭੈਣੋ, ਬਜ਼ੁਰਗੋ ਤੇ ਬੱਚਿਓ, ਤੁਹਾਡੇ ਦਰਸ਼ਨਾਂ ਨੂੰ ਤਰਸਦੇ-ਤਰਸਦੇ ਪੰਜ ਸਾਲ ਲੰਘ ਗਏ। ਤੁਹਾਡੇ ਪਿਆਰ ਨੂੰ ਅਸੀਂ ਮਨ ਵਿਚ ਵਸਾਈ ਰੱਖਿਆ। ਪਹਿਲੀ ਸਰਕਾਰ ਖਜ਼ਾਨਾ ਖਾਲੀ ਕਰ ਗਈ, ਅਸੀਂ ਦਿਨ-ਰਾਤ ਵਿਚਾਰਾਂ ਕੀਤੀਆਂ, ਖੂਬ ਸਕੀਮਾਂ ਬਣਾਈਆਂ ਤੇ ਸਰਕਾਰ ਨੂੰ ਲੀਹ 'ਤੇ ਲਿਆਂਦਾ। ਵਰਲਡ ਬੈਂਕ ਕੋਲੋਂ ਕਰਜ਼ਾ ਲੈਣ ਵਾਸਤੇ ਭਾਰਾ ਕੇਸ ਬਣਾ ਕੇ ਭੇਜਿਆ ਤੇ ਮੋਟੀ ਰਕਮ ਪ੍ਰਾਪਤ ਕੀਤੀ। ਸਰਕਾਰੀ ਕਰਜ਼ੇ ਦੀਆਂ ਕਿਸ਼ਤਾਂ ਵੀ ਮੋੜੀਆਂ, ਪਰ ਲੋਕਾਂ ਨੂੰ ਜ਼ਰਾ ਵੀ ਫ਼ਿਕਰ ਵਿਚ ਨਹੀਂ ਪਾਇਆ। ਹੁਣ ਜਦ ਕਿ ਸਾਡੀਆਂ ਸਕੀਮਾਂ ਨੇ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਅਗਲੇ ਪੰਜ ਸਾਲ ਲਈ ਸਾਡਾ ਨਾਅਰਾ ਹੋਵੇਗਾ :

ਰੋਟੀ, ਕੱਪੜਾ ਤੇ ਮਕਾਨ
ਸਹੂਲਤ ਪਾਵੇ ਹਰ ਇਨਸਾਨ।

**(ਚਲਦਾ)**

## ਸ਼ਬਦਾਂ ਦੇ ਸੰਜੋਗ

* ਗੁਨਾਹ ਕਰਨ ਵੇਲੇ ਮਨੁੱਖ ਦੀ ਬਿਰਤੀ ਹੋਰ ਹੁੰਦੀ ਹੈ, ਗੁਨਾਹ ਦੀ ਸਜ਼ਾ ਭੁਗਤਣ ਵੇਲੇ ਬਿਰਤੀ ਹੋਰ ਤੇ ਸਜ਼ਾ ਭੁਗਤਣ ਤੋਂ ਬਾਅਦ ਸਭ ਕੁਝ ਬਦਲਿਆ-ਬਦਲਿਆ ਲੱਗਣ ਲੱਗਦਾ ਹੈ।
* ਜ਼ਿੰਦਗੀ ਫ਼ਿਲਮ ਦੀ ਕਹਾਣੀ ਵਰਗੀ ਹੈ। ਛੋਟੀ ਤੇ ਦਿਲਚਸਪ ਕਹਾਣੀ ਯਾਦ ਰਹਿ ਜਾਂਦੀ ਹੈ ਪਰ ਲੰਬੀ ਤੇ ਬੋਰ ਕਹਾਮੀ ਤੋਂ ਦਿਲ ਅੱਕ ਜਾਂਦਾ ਹੈ।
* ਮਨੁੱਖ ਆਪਣੇ ਵੇਲੇ ਦੀਆਂ ਹੋਈਆਂ ਹੀਰੋਇਨਾਂ ਨੂੰ ਹੀ ਸਭ ਤੋਂ ਵੱਧ ਖ਼ੂਬਸੂਰਤ ਸਮਝਦਾ ਹੈ।
* ਕਾਮ ਜਦੋਂ ਵੀ ਮੁੱਕਦਾ ਹੈ, ਸਰੀਰ ਵਿਚੋਂ ਮੁਕਦਾ ਹੈ, ਬੰਦੇ ਦੇ ਜ਼ਿਹਨ ਵਿਚ ਇਹ ਕਿਸੇ ਨਾ ਕਿਸੇ ਸੂਰਤ ਵਿਚ ਬਣਿਆ ਰਹਿੰਦਾ ਹੈ।
* ਫਕੀਰਾਂ ਦੀ ਰਾਖ ਵਿਚੋਂ ਆਸ਼ਕ ਜਨਮਦੇ ਹਨ, ਆਸ਼ਕਾਂ ਦੀ ਰਾਖ ਵਿਚੋਂ ਵੱਡੇ-ਵੱਡੇ ਲੇਖਕ, ਸ਼ਾਇਰ ਤੇ ਯੋਧੇ ਜਨਮਦੇ ਹਨ ਜੋ ਮਨੁੱਖਤਾ ਦੀ ਤਸਵੀਰ ਅਤੇ ਤਕਦੀਰ ਬਦਲ ਦਿੰਦੇ ਹਨ।
* ਉਦੋਂ ਮਨੁੱਖਤਾ ਸੱਚ ਨੂੰ ਪਛਾਣ ਜਾਵੇਗੀ ਜਦੋਂ ਇਹ ਆਪਣੇ ਹੀ ਕੁਲ ਗੁਰੂ ਦੀ ਬੇਈਮਾਨੀ ਨੂੰ ਚੈਲੰਜ ਕਰਨ ਦੇ ਯੋਗ ਹੋ ਜਾਵੇਗੀ।
* ਕਿਸੇ ਦੇ ਪਖੰਡ ਨੂੰ ਜਗ ਜ਼ਾਹਿਰ ਕਰਨ ਵੇਲੇ ਤੁਹਾਨੂੰ ਆਪ ਨੂੰ ਸੱਚੇ ਤੱਥਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ।
* ਲੜਾਈਆਂ ਸ਼ਬਦਾਂ ਨਾਲ ਵੀ ਲੜੀਆਂ ਜਾਂਦੀਆਂ ਹਨ ਤੇ ਹਥਿਆਰਾਂ ਨਾਲ ਵੀ ਪਰ ਜਿੱਤ ਹਮੇਸ਼ਾ ਵਚਨਬੱਧਤਾ ਹੀ ਹੁੰਦੀ ਹੈ।
* ਪੰਛੀਆਂ ਦੇ ਖੰਭਾਂ ਉੱਤੇ ਮੰਜ਼ਿਲਾਂ ਦੇ ਸਿਰਨਾਵੇਂ ਨਹੀਂ ਲਿਖੇ ਹੁੰਦੇ। ਇਹ ਤਾਂ ਪਰਵਾਜ਼ ਦੀ ਤਾਂਘ ਹੈ ਜੋ ਉਨ੍ਹਾਂ ਨੂੰ ਦੂਰ-ਦੂਰ ਤੱਕ ਲੈ ਜਾਂਦੀ ਹੈ।

# ਕਾਵਿ-ਕਿਆਰੀ

### ਸਮਝੌਤਾ/ਹਰਬਖ਼ਸ਼ ਸਿੰਘ ਟਾਹਲੀ (ਲਫ਼ਜ਼ਾਂ ਦੀ ਲੋਏ ਲੋਏ)



ਤੂੰ ਮੈਨੂੰ ਕਦੇ ਨਾਂ ਦੇਖੇਂ
ਪਰ ਮੈਂ ਤੈਨੂੰ ਦੇਖਦਾ ਰਹਾਂ
ਤੈਨੂੰ ਆਪਣਾ ਮਹਿਬੂਬ ਕਹਾਂ...
ਜਿਵੇਂ ਸੂਰਦਾਸ ਨੇ ਕਿਹਾ ਸੀ ਕਦੇ
ਹੁਣ ਤੈਨੂੰ ਦੇਖ ਲਿਆ ਹੈ
ਹੁਣ ਹੋਰ ਕੀ ਦੇਖਾਂ, ਤੇ ਲੋਹੇ ਦੀਆਂ
ਗਰਮ ਸਿਲਾਈਆਂ ਪਾ ਲਈਆਂ ਸਨ ਅੱਖਾਂ ਵਿਚ
ਸੂਰਦਾਸ ਨੂੰ ਹੋਇਆ ਸੀ ਸਾਕਾਰ ਦਰਸ਼ਨ
ਕੌਣ ਕਹਿੰਦਾ ਹੈ ਕਿ ਅੰਨਾ ਹੋ ਗਿਆ ਸੀ ਉਹ
ਸੂਰਦਾਸ ਨੇ ਤਾਂ ਆਪਣੀਆਂ ਅੱਖਾਂ ਨੂੰ ਕੀਤਾ ਸੀ
ਸਮਰਪਿਤ-ਅਤੇ ਪ੍ਰਕਾਸ਼ ਨੂੰ ਹਨ੍ਹੇਰਾ ਬਣਾ ਕੇ
ਪ੍ਰਗਟ ਕੀਤਾ ਸੀ ਆਪਣੇ ਸਾਹਮਣੇ।
ਜਦੋਂ ਹਨ੍ਹੇਰਾ ਪ੍ਰਗਟ ਹੁੰਦਾ ਹੈ ਉਦੋਂ ਪ੍ਰਕਾਸ਼ ਦਾ ਹੜ੍ਹ
ਆਲੇ ਦੁਆਲੇ ਵਿਚ ਪਸਰ ਜਾਂਦਾ ਹੈ।
ਮੈਂ ਤੈਨੂੰ ਦੇਖਣ ਦੇ ਬਾਅਦ ਬੇਸ਼ੱਕ
ਮਾਰ ਨਾ ਸਕਿਆ ਗਰਮ ਸਿਲਾਈਆਂ ਆਪਣੀਆਂ ਅੱਖਾਂ ਵਿਚ
ਪਰ ਤੈਨੂੰ ਚੁੱਪ ਕਰਕੇ ਦੇਖਦੇ ਰਹਿਣ ਦੀ ਠਾਣ ਲਈ ਸੀ।
ਮੈਂ ਸੋਚ ਲਿਆ ਸੀ ਕਿ ਹੁਣ ਨਹੀਂ ਭਟਕਾਂਗਾ
ਹੁਣ ਤੇਰੇ ਅੱਗੇ ਦੀਦਾਰ ਲਈ ਗੋਡੇ ਵੀ ਕਿਉਂ ਟੇਕਾਂ
ਮੈਂ ਕਬਜ਼ੇ ਦੀ ਗੱਲ ਕਦੇ ਨਹੀਂ ਸੋਚੀ
ਤੇ ਸਚਮੁੱਚ ਸੱਜਣਾ ਹੁਣ ਤੇਰੀਆਂ ਗਲੀਆਂ ਵਿਚ
ਤੇਰੇ ਰਾਹਾਂ ਵਿਚ ਮੈਨੂੰ ਤੇਰੇ ਦੀਦਾਰ ਹੋ ਜਾਂਦੇ ਹਨ
ਤੂੰ ਬੇਸ਼ੱਕ ਉਥੇ ਹੋਵੇਂ ਜਾਂ ਨਾ...।
ਤੂੰ ਪਾਸਾਰ ਬਣ ਗਿਆ ਏਂ ਤੇ ਮੇਰੇ ਇਰਦ ਗਿਰਦ
ਨੂੰ ਸ਼ਰਸ਼ਾਰ ਕਰ ਗਿਆ ਏਂ।
ਸ਼ਾਇਦ ਮੈਂ ਸੂਰਦਾਸ ਨਹੀਂ ਬਣ ਸਕਿਆ
ਪਰ ਮੈਂ ਸਮਝੌਤੇ ਵਿਚ ਵੀ ਅਨੰਦਤ ਹੋਇਆ ਹਾਂ
ਮੈਨੂੰ ਤੇਰੇ ਐਸੇ ਦੀਦਾਰ ਹੋਏ ਹਨ
ਜਿਹੜੇ ਬਿਆਨ ਕਰਨ ਤੋਂ ਬਾਹਰ ਹਨ।

*****

### ਨਜ਼ਮ/ਬੇਰੀ/ਸੁਰਿੰਦਰ ਮਕਸੂਦਪੁਰੀ



ਏਨਾ ਨਿਰਮੋਹਾ/ਬਦਰੂਹਾ ਜਿਹਾ
ਕਿਉਂ ਹੋ ਗਿਐਂ ਭੈੜਿਆ
ਆਖਰ ਮੈਂ ਤੇਰੇ ਵਡੇਰਿਆਂ/ਪੁਰਖਿਆਂ
ਦੇ ਮੁਕੱਦਸ ਹੱਥੋਂ ਲਗਾਈ
ਖੁਸ਼ੀਆਂ ਖੇੜੇ ਵੰਡਦੀ
ਹਾਂ ਤੇਰੇ ਘਰ ਦੀ ਸ਼ਾਨ
ਗਲੀ ਮੁਹੱਲੇ ਦਾ ਮਾਣ
ਫ਼ਲਦਾਰ/ਛਾਂਦਾਰ ਹਰੀ ਭਰੀ ਬੇਰੀ।

ਸ਼ਾਇਦ ਮੇਰੇ ਬਦਨ ਤੇ ਉੱਗੇ ਕੰਡੇ
ਤੇਰੇ ਮਨ ਦੀ ਸ਼ਾਂਤੀ ਭੰਗ ਕਰਦੇ ਹੋਣਗੇ
ਮੇਰੇ ਬੇਰਾਂ ਦਾ ਟੁੱਕਰ ਖਾਂਦੇ ਕਾਂ/ਤੋਤੇ
ਤੇਰੇ ਰਾਹਾਂ ਦੇ ਰੋੜੇ ਬਣਦੇ ਹੋਣਗੇ
ਪਰ ਤੈਨੂੰ ਪਤੈ
ਕੰਡਿਆਲੇ ਰਾਹ-ਰਸਤੇ ਹੀ ਹਮੇਸ਼ਾ
ਮੰਜ਼ਿਲੇ-ਮੁਕਾਮ ਦਾ ਹਾਸਿਲ ਬਣਦੇ ਹਨ
ਤੇ ਬੁਲੰਦੀਆਂ ਦੇ ਸਿਰਨਾਵੇਂ ਰਚਦੇ ਹਨ।

ਤੂੰ ਵੇਖਿਆ ਹੋਵੇਗਾ
ਮੇਰੀ ਟੀਸੀ ਦੇ ਬੇਰ ਵੇਖ ਲਲਚਾਉਂਦੇ
ਤੇਰੀ ਗਲੀ 'ਚੋਂ ਗੁਜ਼ਰ ਜਾਂਦੇ ਹਨ ਕੁਝ ਲੋਕ
ਤੇ ਕੁਝ ਆ ਬੈਠਦੇ ਹਨ
ਮੇਰੀ ਠੰਢੜੀ ਮਿਠੜੀ ਛਾਵੇਂ
ਸ਼ਾਇਦ ਤੇਰੇ ਸੰਗ ਸੰਵਾਦ ਰਚਾਉਣ
ਪਰ ਤੂੰ ਕਿ ਜਿਸ ਨੂੰ ਭਾਉਂਦਾ ਨਹੀਂ
ਉਹਨਾਂ ਦਾ ਆਉਣ।

ਮੈਨੂੰ ਪਤੈ
ਤੂੰ ਮੇਰੇ ਮਿਠੜੇ ਸੁਨਹਿਰੀ ਬੇਰਾਂ
ਠੰਢੀਆਂ ਛਾਵਾਂ ਨੂੰ ਮਾਣ
ਮੈਨੂੰ ਕੰਡਿਆਲੀ ਕਹਿ
ਨਕਾਰਦਾ ਏਂ ਅਕਸਰ
ਤੇ ਕੱਟਣ/ਵੱਢਣ/ਛਾਂਗਣ ਨੂੰ ਫਿਰਦੈਂ ਮੇਰੀ ਹੋਂਦ
ਮੇਰੀ ਵਫ਼ਾ ਨੂੰ ਸਮਝ ਪਰਖ ਤੇ ਪਛਾਣ ਐ ਪਿਆਰੇ
ਮਨੁੱਖ ਨਹੀਂ ਕਿ ਬੇਵਫ਼ਾ ਹੋ ਜਾਵਾਂ
ਬਿਨ ਦੱਸੇ ਬਿਨ ਕਾਰਨ ਖ਼ਫ਼ਾ ਹੋ ਜਾਵਾਂ।

ਤੂੰ ਜਾਣੇ ਨਾ ਜਾਣੇ ਮਹਿਰਮਾ
ਤੇਰੇ ਸਾਹਾਂ ਦੀ ਸਾਥਣ ਨੂੰ
ਸੋਹਣੀ ਢਲਦੀ ਆਥਣ ਨੂੰ
ਤੇਰੀ ਅਪਣੱਤ ਦਾ ਅਹਿਸਾਸ ਹੈ
ਰੱਬ ਵਰਗਾ ਵਿਸ਼ਵਾਸ ਹੈ
ਪਰ ਅਫ਼ਸੋਸ
ਕਿ ਮੈਂ ਉਹ ਪਾਕ-ਪਵਿੱਤਰ
'ਦੁੱਖ ਭੰਜਨੀ ਬੇਰੀ' ਨਹੀਂ
ਜੋ ਤੇਰੇ ਦੁਨਿਆਵੀ ਦੁੱਖ ਹਰ ਸਕਦੀ
ਜੋ ਤੇਰੇ ਰਾਹਾਂ ਦੇ ਕੰਡੇ ਫ਼ੜ ਸਕਦੀ।

-234, **ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ**-144021
**ਮੋ. 99887-10234**

*****

### **ਘਾਟ ਰੁਦਨ ਕਰੇ**/ਰਤਨ ਟਾਹਲਵੀ



ਮੇਰੇ ਪਿੰਡ ਦੇ ਘਾਟ 'ਤੇ
ਚਾਰੇ ਦਿਸ਼ਾਵਾਂ ਵਿਚਕਾਰ ਖੜ੍ਹਾ ਚੌਕ
ਅੱਜ ਆਪਣੀ ਬੇਰੌਣਕੀ 'ਤੇ
ਰੁਦਨ ਕਰ ਰਿਹਾ ਹੈ।

ਹੁੰਦੀ ਸੀ ਰੌਣਕ
ਸ਼ਾਮ ਤੋਂ ਸ਼ਾਮ ਘੁਸਮੁਸੇ ਜਿਹੇ ਤੱਕ।
ਪਾਉਂਦਾ ਸੀ ਬਾਤ ਕਦੇ
ਹਾਸੇ ਤੋਂ ਕਹਿਕਹਾਕੇ ਤੱਕ।
ਮਿਲਦੇ ਸੀ ਏਥੇ
ਲਾਲ ਸਿੰਘ ਤੇ ਰਾਮ ਸਿੰਘ
ਮਿਲਦੇ ਸੀ ਏਥੇ
ਸਵਰਨਾ ਚੌਧਰੀ ਤੇ ਕਾਂਸ਼ੀ ਪੰਡਿਤ
ਤੇ ਮਿਲਦੇ ਸੀ ਏਥੇ ਹੀ
ਬਸ਼ੀਰ ਮੁਹੰਮਦ ਤੇ ਕਰਮਦੀਨ ਚੌਧਰੀ ਵੀ।


ਪਾਉਂਦੇ ਹੁੰਦੇ ਸੀ ਕੋਈ ਮੁਹੱਬਤ ਭਰੀ ਦਾਸਤਾਨ
ਕਰਦੇ ਹੁੰਦੇ ਸੀ ਰਾਵੀ ਚਨਾਬ
ਤੇ ਸਤਲੁਜ ਬਿਆਸ ਦੀ ਗੱਲ।
ਉਫ਼ ! ਅੱਜ ਪੰਜ ਆਬਾਂ ਦੀ ਥਾਂ
ਹੁੰਦੇ ਨੇ ਸੌਦੇ ਲਾਲ ਪਰੀ ਦੀ ਮਸਤਾਨੀ ਤੋਰ ਦੇ,
ਮਿਲਦੇ ਤਾਂ ਏਥੇ ਹੁਣ ਵੀ ਨੇ
ਈਰਖਾ ਤੇ ਦਵੈਤ ਦੀਆਂ ਸਿਰ 'ਤੇ ਪੰਡਾਂ ਚੁੱਕ
ਕਿਸੇ ਦੀ ਪਿੱਠ 'ਤੇ ਛੁਰਾ ਮਾਰਨ ਲਈ,
ਤੇ
ਜਾਂ ਕਿਸੇ ਦੇ ਪੇਟ 'ਤੇ ਲੱਤ ਮਾਰਨ ਲਈ
ਘੜੰਮ ਚੌਧਰੀ।
ਅੱਜ ਇਸ ਚੌਕ 'ਚ ਬੈਠੇ
ਸਵਰਨਾ ਚੌਧਰੀ ਜਾਂ ਕਾਂਸ਼ੀ ਪੰਡਿਤ ਨਹੀਂ ਮਿਲਦੇ
ਨਹੀਂ ਮਿਲਦੇ ਲਾਲ ਸਿੰਘ ਤੇ ਰਾਮ ਸਿੰਘ
ਬਸ਼ੀਰਾ ਤੇ ਕਰਮਾ ਪਤਾ ਨਹੀਂ ਕਦੋਂ ਦੇ
ਵਫ਼ਾਤ ਪਾ ਗਏ ਨੇ ਇਸ ਚੌਂਕ 'ਚੋਂ।
ਤੇ ਬਣ ਗਿਆ ਏ ਇਹ ਚੌਂਕ
ਫ਼ਸਲਾਂ ਦੇ ਲਹਿਲਹਾਂਦੇ ਜਿਸਮ ਦਾ
ਵਕਤ ਪਾ ਕੇ ਇੱਕ ਹਉਕਾ ਜਿਹਾ
ਮੇਰੇ ਪਿੰਡ ਦਾ ਚੌਂਕ ਭੂਤਾਂ ਦੇ ਚੌਂਕ ਤੋਂ ਵੱਧ ਕੁਝ ਨਹੀਂ ਰਿਹਾ।

*****

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ



# MATRIMONIAL



**GROOM**

**LUBANA SIKH TRICITY BASED PARENTS SEEK PROFESSIONALLY QUALIFIED, TALL, BEAUTIFUL BRIDE FOR THEIR POST GRADUATE ELECTRONICS ENGR. HANDSOME TURBANED SON 32YRS, 5'10" HEIGHT, FAIR COMPLEXION EMPLOYED AS AN OFFICER IN CENTRAL GOVERNMENT PUBLIC SECTOR AT CHANDIGARH, ANNUAL PACKAGE: RS.15 -20 LAKHS, PREFRENCE WILL BE GIVEN TO TRICITY BASED/EMPLOYED MATCHES. LUBANA AND ALL OTHER SIKH UPPER CASTE COMMUNTIES ARE WELCOME. EARLY SIMPLE MARRIAGE CONTACT: 9868256977.**

* * * * *

**ATAMVIR SINGH MULTANI DATE OF BIRTH 27-12-1993 HEIGHT 6'3' SCHOOLING FROM SPING DALES AMRITSAR AND RAJHANS SCHOOL MUMBAI GRADUATION BTECH IN MECHANICAL ENGG. FROM CGC LANDRAN CHANDIGARH. CPL PASSED FROM CANADA WORKS AS A CAPTAIN WITH KEEWATIN AIR CANADA PERMANENT RESIDENT HOLDER OF CANADA HAS ONE YOUNGER BROTHER WORKING WITH BRITISH AIRWAYS FATHER RETD LT. COL. FROM ARMY, NOW WORKING AS SENIOR VICE PRESIDENT OPERATIONS WITH GROUP FOUR SECURITY (G4S) MOTHER PHD HAS WORKED AS A PLACEMENT HEAD AND DEAN IN A MANAGEMENT INSTITUTE MUMBAI.**

* * * * *

**SUITABLE MATCH WANTED FOR LABANA SIKH CANADA SETTLED BOY 91 BORN HEIGHT 5.10". ENGINEERING DEGREE IN ELECTRONICS.WORKING AS CORRECTIONAL OFFICER IN MANITOBA STATE POLICE DEPARTMENT (JAIL POLICE).FATHER HAS OWN BUSINESS,MOTHER RETIRED GOVT TEACHER.ELDER SISTER AND BROTHER ARE ALSO IN CANADA. RESPECTED AND REPUTED FAMILY. PLEASE CONTACT : 9915345682, 9876835151.**

* * * * *

**SUITABLE MATCH FOR LOBANA SIKH BOY U.S.A BORN HEIGHT 6"1' DIVORCED AND ONE BABY 7 YEARS OLD. HARMINDER SINGH AGE-29, DOB—JUNE 1992, QUALIFICATION –M.B.A, CURRENTLY WORKING IN TD, BANK NEW YORK, U.S.A. NEED LOBANA SIKH GIRL , CHANDIGARH CONTACT 7888737728**

**BRIDE**

**SUITABLE MATCH FOR LOBANA SIKH GIRL NAME- PRABSHRAN DEEP KAUR DOB-03-01-1994. QUALIFICATION –B TECH, MBA (FMS DELHI), HEIGHT 5"1' PACKAGE- 60-70 LAKH FATHER- RETIRED FROM NAVY MOTHER- HOME MAKER BROTHER- UNDER GOING BTECH MARINE(PUNE) MOHALI CASTE- GHOTRA (LOBANA) REQUIREMENT- SIKH FAMILY MBA FROM REPUTED UNIVERSITY CONTACT- 8968691878, 8968691880**

* * * * *

**SUITABLE MATCH FOR LOBANA SIKH BEAUTIFUL SENIOR LECTURER DENTAL COLLEGE MDS ORAL & MAXILLOFACIAL SURGEON SPECIALIST IN TRAUMA & DENTAL IMPLANTS AGE 31 YEARS LOOKS MUCH YOUNGER HEIGHT 5"5' MOHALI BASED MIDDLE CALSS DOWN TO EARTH VEGETARIAN FAMILY. DOCTOR/ CIVIL SERVICES /GAZETTED OFFICER RANK MOHALI/ NEARBY PREFFERED. CONTACT- 8837632383 E-MAIL- pelia3352@gmail.com**

* * * * *

## ਬੇਨਤੀ

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।**

**ਅਦਾਰਾ ਲੁਬਾਣਾ ਸੇਵਕ**

# ਜੂਨ ਮਹੀਨੇ ਦੀ ਸੰਗਰਾਂਦ ਅਤੇ ਹੋਰ ਕਾਰਜਾਂ ਲਈ ਦਾਨੀ ਸੱਜਨਾਂ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ: | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸਰਦਾਰ ਮਨਜੀਤ ਸਿੰਘ ਲੁਬਾਨਾ<br>(ਗੁਰੂ ਘਰ ਇੰਚਾਰਜ), ਬੀ.ਐਮ.ਐਸ.ਐਲ. ਭਵਨ, ਚੰਡੀਗੜ੍ਹ। | 500 | ਐਨ-2022-23<br>117 | 16.07.2022 |
| 2. | ਪੰਡਿਤ ਰਾਮ ਕੁਮਾਰ, ਕੈਨਟੀਨ<br>ਬੀ.ਐਮ.ਐਸ.ਐਲ. ਚੰਡੀਗੜ੍ਹ। | 500 | ਐਨ-2022-23<br>118 | 16.07.2022 |
| 3. | ਸਰਦਾਰ ਗੁਰਚਰਨਾ ਸਿੰਘ (ਸੀਨੀਅਰ ਵਾਇਸ ਪ੍ਰਧਾਨ)<br>ਸੈਕਟਰ-35-ਏ, ਚੰਡੀਗੜ੍ਹ। | 500 | ਐਨ-2022-23<br>119 | 16.07.2022 |
| 4. | ਮੇਜਰ ਐਨ.ਐਸ. ਮੁਲਤਾਨੀ (ਰਿਟਾ.)<br>ਵਾਇਸ ਪ੍ਰਧਾਨ ਅਤੇ ਜਨਰਲ ਸਕੱਤਰ, ਫੇਜ-10, ਮੋਹਾਲੀ | 500 | ਐਨ-2022-23<br>120 | 16.07.2022 |
| 5. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਵਿੱਤ ਸਕੱਤਰ)<br>ਸੈਕਟਰ-40, ਚੰਡੀਗੜ੍ਹ। | 200 | ਐਨ-2022-23<br>121 | 16.07.2022 |
| 6. | ਸਰਦਾਰ ਐਨ.ਪੀ. ਸਿੰਘ<br>ਸਟਾਰ ਐਨਕਲੇਵ, ਸੈਕਟਰ-48, ਚੰਡੀਗੜ੍ਹ। | 200 | ਐਨ-2022-23<br>122 | 16.07.2022 |
| 7. | ਸਰਦਾਰ ਨਰਿੰਦਰ ਸਿੰਘ, ਪੀ.ਈ.ਐਸ. (ਰਿਟਾ.)<br>ਸਨੀ ਐਨਕਲੇਵ, ਮੋਹਾਲੀ। | 500 | ਐਨ-2022-23<br>123 | 16.07.2022 |
| 8. | ਸਰਦਾਰ ਰਜਿੰਦਰਪਾਲ ਸਿੰਘ,<br>ਸੈਕਟਰ-38, ਚੰਡੀਗੜ੍ਹ। | 200 | ਐਨ-2022-23<br>124 | 16.07.2022 |
| 9. | ਸਰਦਾਰ ਹਰਭਜਨ ਸਿੰਘ ਡੀ.ਆਈ.ਜੀ. (ਰਿਟਾ.)<br>ਵਾਈ-204, ਫਾਲਕਨ ਵਿਊ,<br>ਸੈਕਟਰ-66-ਏ. ਮੋਹਾਲੀ। | 500 | ਐਨ-2022-23<br>125 | 16.07.2022 |
| 10. | ਸਰਦਾਰ ਸੁਰਿੰਦਰ ਸਿੰਘ ਏ.ਈ.<br>527, ਫੇਜ-10, ਮੋਹਾਲੀ। | 500 | ਐਨ-2022-23<br>126 | 16.07.2022 |
| 11. | ਕਰਨਲ ਜਗਤਾਰ ਸਿੰਘ ਮੁਲਤਾਨੀ<br>ਸੈਕਟਰ-33, ਚੰਡੀਗੜ੍ਹ। | 500 | ਐਨ-2022-23<br>127 | 16.07.2022 |
| 12. | ਸਰਦਾਰ ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਫੇਜ-3ਬੀ-1, ਮੋਹਾਲੀ। | 1000 | ਐਨ-2022-23<br>128 | 16.07.2022 |
| 13. | ਸੂਬੇਦਾਰ ਮੇਜਰ ਜਸਪਾਲ ਸਿੰਘ<br>18, ਏ.ਕੇ.ਐਸ. ਕਲੋਨੀ, ਜ਼ੀਰਕਪੁਰ, ਮੋਹਾਲੀ | 200 | ਐਨ-2022-23<br>129 | 16.07.2022 |
| 14. | ਸਰਦਾਰ ਹਰਦਿਆਲ ਸਿੰਘ ਘੋਤਰਾ<br>ਚੰਡੀਗੜ੍ਹ। | 200 | ਐਨ-2022-23<br>130 | 16.07.2022 |
| 15. | ਸਰਦਾਰ ਗਿਆਨ ਸਿੰਘ ਮੁਲਤਾਨੀ<br>ਸੈਕਟਰ-16, ਚੰਡੀਗੜ੍ਹ। | 500 | ਐਨ-2022-23<br>131 | 16.07.2022 |
| 16. | ਸਰਦਾਰ ਅਮਰਜੀਤ ਸਿੰਘ ਮੁਲਤਾਨੀ<br>42, ਸੈਕਟਰ-16, ਚੰਡੀਗੜ੍ਹ। | 500 | ਐਨ-2022-23<br>132 | 16.07.2022 |
| 17. | ਸਰਦਾਰ ਹਰਮੀਤ ਸਿੰਘ<br>2745, ਸੈਕਟਰ-20, ਸੀ.ਚੰਡੀਗੜ੍ਹ। | 100 | ਐਨ-2022-23<br>133 | 16.07.2022 |

| | | | | |
|---|---|---|---|---|
| 18. | ਬੀਬੀ ਹਰਪ੍ਰੀਤ ਕੌਰ ਪੇਲੀਆ<br>ਸੈਕਟਰੀ, ਬੀ.ਐਮ.ਐਸ.ਐਲ. ਭਵਨ, ਚੰਡੀਗੜ੍ਹ। | 1100 | ਐਨ–2022–23<br>134 | 16.07.2022 |
| 19. | ਸਰਦਾਰ ਭਗਵਾਨ ਸਿੰਘ ਲੁਬਾਣਾ<br>187, ਹਰਦਿਆਲ ਨਗਰ, ਜਲੰਧਰ। | 1100 | ਐਨ–2022–23<br>135 | 17.07.2022 |
| 20. | ਸਰਦਾਰ ਸੁਰਿੰਦਰ ਸਿੰਘ ਰੂਬੀ<br>16–ਐਸ.ਐਫ. ਗੁਰੂ ਗੋਬਿੰਦ ਸਿੰਘ,<br>ਐਵਨਿਊ, ਜਲੰਧਰ। | 1500 | ਐਨ–2022–23<br>136 | 17.07.2022 |
| 21. | ਸਰਦਾਰ ਲਖਵਿੰਦਰ ਸਿੰਘ<br>ਡਾਕਖਾਨਾ–ਮਿਆਣੀ, ਵਾਰਡ ਨੰਬਰ–4, ਜ਼ਿਲ੍ਹਾ– ਹੁਸ਼ਿਆਰਪੁਰ। | 2500 | ਐਨ–2022–23<br>137 | 19.07.2022 |
| 22. | ਸਰਦਾਰ ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਫੇਜ–3, ਮੋਹਾਲੀ। | 5000 | ਐਨ–2022–23<br>143 | 20.07.2022 |
| 23. | ਸਰਦਾਰ ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਫੇਜ–3, ਮੋਹਾਲੀ। | 100 | ਐਨ–2022–23<br>144 | 20.07.2022 |
| 24. | ਸਰਦਾਰ ਅਮਰਜੀਤ ਸਿੰਘ ਮੁਲਤਾਨੀ<br>42, ਸੈਕਟਰ–16–ਏ, ਚੰਡੀਗੜ੍ਹ। | 500 | ਐਨ–2022–23<br>145 | 20.07.2022 |
| 25. | ਸਰਦਾਰ ਗੁਰਚਰਨ ਸਿੰਘ<br>ਸੀਨੀਅਰ ਵਾਇਸ ਪ੍ਰਧਾਨ, ਸੈਕਟਰ–35, ਚੰਡੀਗੜ੍ਹ। | 500 | ਐਨ–2022–23<br>146 | 20.07.2022 |
| 26. | ਸਰਦਾਰ ਹਰਭਜਨ ਸਿੰਘ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ। | 500 | ਐਨ–2022–23<br>147 | 20.07.2022 |
| 27. | ਕਰਨਲ ਗੁਰਦੀਪ ਸਿੰਘ<br>62, ਸੈਕਟਰ–71, ਮੋਹਾਲੀ। | 500 | ਐਨ–2022–23<br>148 | 20.07.2022 |
| 28. | ਮੇਜਰ ਐਨ.ਐਸ. ਮੁਲਤਾਨੀ (ਰਿਟਾ.)<br>ਵਾਇਸ ਪ੍ਰਧਾਨ ਅਤੇ ਜਨਰਲ ਸਕੱਤਰ<br>ਬੀ.ਐਮ.ਐਸ.ਐਲ.ਐਫ. ਚੰਡੀਗੜ੍ਹ। | 200 | ਐਨ–2022–23<br>149 | 20.07.2022 |
| 29. | ਸਰਦਾਰ ਜਗਮੋਹਨ ਸਿੰਘ<br>390, ਸੈਕਟਰ–16, ਪੰਚਕੂਲਾ। | 1000 | ਐਨ–2022–23<br>150 | 20.07.2022 |
| 30. | ਸਰਦਾਰ ਭੁਪਿੰਦਰ ਸਿੰਘ ਸੰਧੂ<br>1431, ਫੇਜ–10, ਮੋਹਾਲੀ। | 1000 | ਐਨ–2022–23<br>151 | 20.07.2022 |
| 31. | ਪ੍ਰੋਫੈਸਰ ਆਸਾ ਸਿੰਘ ਸੰਧੂ<br>1431, ਫੇਜ–10, ਮੋਹਾਲੀ। | 1000 | ਐਨ–2022–23<br>152 | 20.07.2022 |
| 32. | ਸਰਦਾਰ ਰਾਜਪਾਲ ਸਿੰਘ<br>43, ਐਨ.ਏ.ਸੀ, ਮਨੀਮਾਜਰਾ। | 500 | ਐਨ–2022–23<br>153 | 20.07.2022 |
| 33. | ਸਰਦਾਰ ਬਲਵਿੰਦਰ ਸਿੰਘ ਮੁਲਤਾਨੀ<br>541, ਫੇਜ–3–ਏ. ਮੋਹਾਲੀ। | 500 | ਐਨ–2022–23<br>154 | 20.07.2022 |
| 34. | ਸਰਦਾਰ ਜਗੀਰ ਸਿੰਘ ਲਾਲੀਆ<br>1838, ਫੇਜ–7, ਮੋਹਾਲੀ। | 500 | ਐਨ–2022–23<br>155 | 20.07.2022 |
| 35. | ਸਰਦਾਰ ਹਰਦਿਆਲ ਸਿੰਘ ਘੋਤਰਾ<br>ਬੀ.ਐਮ.ਐਸ.ਐਲ.ਐਫ. ਚੰਡੀਗੜ੍ਹ। | 200 | ਐਨ–2022–23<br>156 | 20.07.2022 |
| 36. | ਸਰਦਾਰ ਸੁਖਦੇਵ ਸਿੰਘ<br>296, ਸੈਕਟਰ–71, ਮੋਹਾਲੀ। | 500 | ਐਨ–2022–23<br>157 | 20.07.2022 |

| | | | | |
|---|---|---|---|---|
| 37. | ਸ਼੍ਰੀਮਾਨ ਮੇਹਰ ਸ਼ਰਮਾ<br>652, ਸੈਕਟਰ-8-ਬੀ, ਚੰਡੀਗੜ੍ਹ। | 500 | ਐਨ-2022-23<br>158 | 20.07.2022 |
| 38. | ਸ਼੍ਰੀਮਾਨ ਸੁਰੇਸ਼ ਚੰਦਰ ਸ਼ਰਮਾ<br>652, ਸੈਕਟਰ-8-ਬੀ, ਚੰਡੀਗੜ੍ਹ। | 501 | ਐਨ-2022-23<br>159 | 20.07.2022 |
| 39. | ਸਰਦਾਰ ਲਖਵਿੰਦਰ ਸਿੰਘ<br>ਡਾਕਖਾਨਾ-ਮਿਆਣੀ, ਵਾਰਡ ਨੰਬਰ-4,<br>ਜ਼ਿਲ੍ਹਾ- ਹੁਸ਼ਿਆਰਪੁਰ। | 200 | ਆਈ-1714 | 30.06.2022 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**




**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

# ਕਮਰਿਆਂ ਦੀ ਬੁਕਿੰਗ

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**

ਸ. ਭਗਤ ਸਿੰਘ
ਆਈ.ਏ.ਐਸ. ਨੇ
ਆਪਣੇ ਮਾਤਾ ਪਿਤਾ ਦੀ
ਬਰਸੀ 20 ਜੁਲਾਈ 2022
ਨੂੰ ਭਵਨ ਵਿਖੇ ਮਨਾਈ।
ਮੈਨੇਜਮੈਂਟ ਵੱਲੋਂ
ਉਨ੍ਹਾਂ ਨੂੰ ਸਨਮਾਨਿਤ
ਕੀਤਾ ਗਿਆ



## ਬਮਸਲ ਫਾਊਂਡੇਸ਼ਨ ਵਿਖੇ 150 ਸਮਰਥਾ ਵਾਲਾ ਆਡੀਟੋਰੀਅਮ ਹਾਲ





**Jagtej Singh**
**S/o Lakhwinder Singh**
**VPO Miani Selected/Appointed as PROBATIONARY OFFICER in Punjab & Sind Bank.**

Regd No. 32212/78 Postal No.-- G/CHD/0111/2018-2020

# 16 ਜੁਲਾਈ 2022 ਨੂੰ ਸਾਵਣ ਮਹੀਨੇ ਦੀ ਸੰਗਰਾਂਦ ਦੀਆਂ ਤਸਵੀਰਾਂ





# WORKING COMMITEE MEETING OF BMSLF, CHD. HELD ON 17-07-2022 AT CHANDIGARH BHAWAN

